ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੨ ਕੱਤਕ ਸੰਨ ੨੦੨੫ Tuesday, 28 October

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com




## ਬਾਬਾ ਬੰਦਾ ਸਿੰਘ ਬਹਾਦਰ ਨੂੰ ਯਾਦ ਕਰਦਿਆਂ

ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਜੰਮੂ ਰਿਆਸਤ ਦੇ ਪੁਣਛ ਇਲਾਕੇ ਦੇ ਪਿੰਡ ਰਾਜੌਰੀ ਵਿੱਚ ਰਾਮ ਦੇਵ ਤੇ ਸੁਲੱਖਣੀ ਦੇਵੀ ਦੇ ਘਰ 27 ਅਕਤੂਬਰ 1670 ਈ. ਨੂੰ ਹੋਇਆ। ਉਨ੍ਹਾਂ ਨੂੰ ਬਚਪਨ ਵਿਚ ਲਛਮਣ ਦੇਵ, ਲਛਮਣ ਦਾਸ ਅਤੇ ਮਾਧੋ ਦਾਸ ਦੇ ਨਾਵਾਂ ਨਾਲ ਜਾਣਿਆ ਜਾਂਦਾ ਰਿਹਾ। ਉਨ੍ਹਾਂ ਨੇ ਬਚਪਨ ਵਿਚ ਹੀ ਪਹਿਲਵਾਨੀ ਦੇ ਨਾਲ-ਨਾਲ ਘੋੜ ਸਵਾਰੀ, ਤੀਰ ਅੰਦਾਜ਼ੀ ਅਤੇ ਸ਼ਿਕਾਰ ਖੇਡਣ ਵਿਚ ਮੁਹਾਰਤ ਹਾਸਲ ਕਰ ਲਈ। ਬਚਪਨ 'ਚ ਵਾਪਰੀ ਇਕ ਘਟਨਾ ਨੇ ਲਛਮਣ ਦੇਵ ਨੂੰ ਮਾਧੋ ਦਾਸ ਬੈਰਾਗੀ ਬਣਾ ਦਿੱਤਾ। ਦਰਅਸਲ ਇਕ ਵਾਰ ਸ਼ਿਕਾਰ ਖੇਡਦਿਆਂ ਉਨ੍ਹਾਂ ਦੇ ਤੀਰ ਨੇ ਇਕ ਹਿਰਨੀ ਨੂੰ ਨਿਸ਼ਾਨਾ ਬਣਾਇਆ ਅਤੇ ਇਤਫ਼ਾਕਨ ਉਹ ਹਿਰਨੀ ਗਰਭਵਤੀ ਸੀ। ਹਿਰਨੀ ਦੇ ਨਾਲ ਉਸ ਦੇ ਗਰਭ 'ਚ ਪਲ ਰਹੇ ਬੱਚੇ ਦੀ ਵੀ ਮੌਤ ਹੋ ਗਈ। ਇਸ ਘਟਨਾ ਨੇ ਉਨ੍ਹਾਂ ਦੇ ਦਿਮਾਗ 'ਤੇ ਗਹਿਰਾ ਅਸਰ ਕੀਤਾ ਅਤੇ ਉਨ੍ਹਾਂ 15 ਸਾਲ ਦੀ ਉਮਰ 'ਚ ਬੈਰਾਗੀ ਬਣਨ ਲਈ ਘਰ ਛੱਡ ਦਿੱਤਾ। ਜੀਵਨ ਦਾ ਲੰਮਾ ਅਰਸਾ ਉਨ੍ਹਾਂ ਨੇ ਬੈਰਾਗੀਆਂ ਅਤੇ ਸਾਧੂਆਂ ਨਾਲ ਬਿਤਾਇਆ। ਦੁਨਿਆਵੀ ਮੋਹ-ਮਾਇਆ ਛੱਡ ਕੇ ਉਨ੍ਹਾਂ ਵਧੇਰੇ ਸਮਾਂ ਮਨ ਦੀ ਸ਼ਾਂਤੀ ਲਈ ਕਈ ਗੁਰੂਆਂ ਅਤੇ ਸੰਤਾਂ ਨਾਲ ਬਤੀਤ ਕੀਤਾ। ਧਿਆਨ ਅਤੇ ਭਗਤੀ ਵਿਚ ਗੁਜ਼ਾਰੇ ਸਮੇਂ ਨੇ ਉਨ੍ਹਾਂ ਨੂੰ ਕਈ ਰਿੱਧੀਆਂ ਸਿੱਧੀਆਂ ਦਾ ਮਾਲਕ ਬਣਾ ਦਿੱਤਾ। ਕਈ ਰਿੱਧੀਆਂ ਸਿੱਧੀਆਂ ਦੇ ਆਉਣ ਨਾਲ ਉਨ੍ਹਾਂ ਦੇ ਹੰਕਾਰ ਵਿਚ ਵੀ ਵਾਧਾ ਹੋਇਆ। ਉਹ ਆਪਣੇ ਡੇਰੇ 'ਤੇ ਆਉਂਦੇ ਮੁਸਾਫਿਰਾਂ ਅਤੇ ਮਹਿਮਾਨਾਂ ਨੂੰ ਨੀਵਾਂ ਦਿਖਾਉਣ ਲਈ ਜਾਦੂਈ ਸ਼ਕਤੀਆਂ ਦੀ ਵਰਤੋਂ ਕਰਦੇ। ਸਮਾਂ ਬੀਤਿਆ ਤੇ ਗੁਰੂ ਗੋਬਿੰਦ ਸਿੰਘ ਮਾਧੋ ਦਾਸ ਬੈਰਾਗੀ ਦੇ ਡੇਰੇ 'ਤੇ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਜਿਸ ਮੰਜੇ 'ਤੇ ਬੈਠੇ ਸਨ, ਮਾਧੋ ਦਾਸ ਨੇ ਉਹ ਮੰਜਾ ਪਲਟਣ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਲਗਾ ਦਿੱਤੀਆਂ ਪਰ ਉਨ੍ਹਾਂ ਦਾ ਜ਼ੋਰ ਨਾ ਚੱਲਿਆ। ਗੁਰੂ ਗੋਬਿੰਦ ਸਿੰਘ ਜੀ 'ਤੇ ਮਾਧੋ ਦਾਸ ਦੀਆਂ ਜਾਦੂਈ ਸ਼ਕਤੀਆਂ ਦਾ ਕੋਈ ਪ੍ਰਭਾਵ ਨਾ ਹੋਇਆ। ਜਦੋਂ ਮਾਧੋ ਦਾਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹ ਗੁਰੂ ਜੀ ਦੇ ਚਰਨਾਂ ਵਿਚ ਆ ਡਿੱਗੇ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਸੰਸਾਰ ਦੀਆਂ ਝੂਠੀਆਂ ਸ਼ਕਤੀਆਂ ਤਾਂ ਉਨ੍ਹਾਂ ਹਾਸਲ ਕਰ ਲਈਆਂ ਪਰ ਜੋ ਆਨੰਦ ਅਤੇ ਸੱਚੀ ਅਧਿਆਤਮਕਤਾ ਗੁਰੂ ਜੀ ਕੋਲ ਸੀ, ਉਹ ਉਨ੍ਹਾਂ ਨੂੰ ਕਦੇ ਹਾਸਲ ਨਹੀਂ ਹੋਈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਤੋਂ ਉਨ੍ਹਾਂ ਦਾ ਨਾਮ ਪੁੱਛਿਆਂ ਤਾਂ ਉਨ੍ਹਾਂ ਨੇ ਆਪਣਾ ਅਸਲ ਨਾਮ ਦੱਸਣ ਦੀ ਬਜਾਏ ਆਪਣਾ ਨਾਮ ਬੰਦਾ ਦੱਸਿਆ। ਫ਼ਿਰ ਗੁਰੂ ਜੀ ਨੇ ਕਿਹਾ ਕਿ ਜੇ ਤੂੰ ਬੰਦਾ ਹੈ ਤਾਂ ਬੰਦਿਆਂ ਵਾਲੇ ਕਾਰਜ ਕਰ। ਮਾਧੋ ਦਾਸ ਗੁਰੂ ਜੀ ਦੇ ਚਰਨੀਂ ਪੈ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਤੋਂ ਲੋਕਾਈ ਦੇ ਹਿੱਤ ਲਈ ਕਾਰਜ ਕਰਨ ਲਈ ਪ੍ਰੇਰਿਆ। ਮਾਧੋ ਦਾਸ ਜਦੋਂ ਨਾਂਦੇੜ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਤਾਂ ਗੁਰੂ ਸਾਹਿਬ ਨੇ ਸਿੰਘ ਸਜਾ ਕੇ ਉਨ੍ਹਾਂ ਦਾ ਨਾਮ ਬੰਦਾ ਸਿੰਘ ਬਹਾਦਰ ਰੱਖ ਦਿੱਤਾ ਅਤੇ ਪੰਜਾਬ ਵੱਲ ਤੋਰ ਦਿੱਤਾ। ਉਨ੍ਹਾਂ ਚੱਪੜਚਿੜੀ ਦੇ ਮੈਦਾਨ 'ਚ ਸੂਬਾ ਸਰਹਿੰਦ ਨੂੰ ਮਾਰ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ।

ਸਰਹਿੰਦ ਜਿੱਤਣ ਤੋਂ ਬਾਅਦ ਉਨ੍ਹਾਂ ਨੇ ਸਢੌਰਾ ਤੋਂ ਲਗਪਗ 20 ਕਿਲੋਮੀਟਰ ਦੀ ਦੂਰੀ 'ਤੇ ਮੁਖਲਿਸਪੁਰ ਵਿਚ ਆਪਣੀ ਸਰਕਾਰ ਕਾਇਮ ਕੀਤੀ। ਇਸ ਸਥਾਨ ਦਾ ਨਾਮ ਮੁਖਲਿਸ ਖ਼ਾਨ ਦੇ ਨਾਂ 'ਤੇ ਪਿਆ ਜੋ ਬਾਦਸ਼ਾਹ ਸ਼ਾਹਜਹਾਂ ਦਾ ਫ਼ੌਜੀ ਸਰਦਾਰ ਸੀ ਅਤੇ ਸਰਹਿੰਦ ਦਾ ਗਵਰਨਰ ਸੀ। ਇਹ ਸਥਾਨ ਨਾਹਨ ਦੇ ਦੱਖਣ ਵਿਚ ਸ਼ਿਵਾਲਿਕ ਪਹਾੜੀਆਂ 'ਤੇ ਸਥਿਤ ਹੈ। ਬਾਬਾ ਬੰਦਾ ਬਹਾਦਰ ਨੇ ਸਰਹਿੰਦ ਦੇ ਇਲਾਕੇ 'ਤੇ ਕਬਜ਼ਾ ਕਰਨ ਤੋਂ ਬਾਅਦ 1710 ਈ. ਵਿਚ ਮੁਖਲਿਸਪੁਰ ਨੂੰ ਆਪਣਾ ਨਿਵਾਸ ਸਥਾਨ ਬਣਾਇਆ। ਇਸ ਨੂੰ ਮੁਖਨਿਸਗੜ੍ਹ ਵੀ ਕਿਹਾ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਦਾ ਨਾਂ ਬਦਲ ਕੇ ਲੋਹਗੜ੍ਹ ਰੱਖ ਦਿੱਤਾ ਅਤੇ ਇਸ ਨੂੰ ਸਿੱਖ ਰਾਜ ਦੀ ਰਾਜਧਾਨੀ ਬਣਾਇਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਸਥਾਪਤ ਕੀਤਾ ਅਤੇ ਲੋਕਾਂ ਦੀ ਭਲਾਈ ਲਈ ਜ਼ਮੀਨਦਾਰੀ ਪ੍ਰੰਪਰਾ ਖਤਮ ਕਰ ਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ। ਉਨ੍ਹਾਂ ਖਾਲਸਾ ਰਾਜ ਦੇ ਪਹਿਲੇ ਸਿੱਕੇ, ਮੋਹਰ ਅਤੇ ਕੈਲੰਡਰ ਵੀ ਜਾਰੀ ਕਰ ਦਿੱਤੇ। ਇਹ ਸਿੱਕੇ 1710 ਈ. ਤੋਂ 1713 ਈ. ਵਿੱਚ ਜਾਰੀ ਕੀਤੇ ਗਏ ਜੋ ਸਿੱਖ ਗੁਰੂਆਂ ਦੇ ਨਾਂ 'ਤੇ ਆਧਾਰਿਤ ਹੋਣ ਕਰਕੇ ਨਾਨਕਸ਼ਾਹੀ ਕਹਾਏ। ਨਾਨਕਸ਼ਾਹੀ ਸਿੱਕੇ ਖਾਲਸਾ ਰਾਜ ਦੀ ਆਰੰਭਤਾ, ਆਜ਼ਾਦੀ, ਖ਼ੁਦਮੁਖਤਿਆਰੀ ਅਤੇ ਗੁਲਾਮੀ ਦੀ ਮਾਨਸਿਕਤਾ ਨੂੰ ਤੋੜਨ ਦੇ ਨਿਸ਼ਾਨ ਬਣੇ। ਇਨ੍ਹਾਂ ਸਿੱਕਿਆਂ 'ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਗਈ ਅਤੇ ਧਾਤ ਦੇ ਤੌਰ 'ਤੇ ਚਾਂਦੀ ਵਰਤੀ ਗਈ ਸੀ। ਸਿੱਕੇ ਦੇ ਇਕ ਪਾਸੇ ਲਿਖਿਆ ਸੀ: ਸਿੱਕਾ ਯਦ ਬਰ ਹਰ ਦੋ ਆਲਮ ਤੇਗ-ਏ-ਨਾਨਕ ਵਾਹਬਿ ਅਸਤ ਫ਼ਤਹਿ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚਾ ਸਾਹਿਬ ਅਸਤ। ਇਸੇ ਤਰ੍ਹਾਂ ਦੂਸਰੇ ਪਾਸੇ ਲਿਖਿਆ ਸੀ: ਜ਼ਰਬ ਬਾ-ਅਮਨ-ਅਲ-ਦੀਨ ਮਾਸਵਾਰਤ ਸ਼ਹਿਰ ਜ਼ੀਨਤ-ਅਲ-ਤਖ਼ਤ ਖਾਲਸਾ ਮੁਬਾਰਕ ਬਖ਼ਤ।

ਸਿੱਖਾਂ ਦਾ ਪਹਿਲਾ ਰਾਜ ਬਹੁਤਾ ਲੰਮਾ ਸਮਾਂ ਸਥਾਪਤ ਨਾ ਰਹਿ ਸਕਿਆ। 1715 ਈ. ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਕਈ ਤਰ੍ਹਾਂ ਦੇ ਦਿਲ ਕੰਬਾਊ ਤਸੀਹੇ ਦਿੱਤੇ ਗਏ। 9 ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਤਲਵਾਰ ਨਾਲ ਟੁਕੜੇ-ਟੁਕੜੇ ਕਰ ਦਿੱਤਾ ਗਿਆ ਅਤੇ ਅਜੈ ਸਿੰਘ ਦਾ ਦਿਲ ਉਸ ਦੇ ਸਰੀਰ 'ਚੋਂ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਪਾ ਦਿੱਤਾ ਗਿਆ। ਅੰਤ ਤਲਵਾਰ ਦੇ ਇੱਕ ਵਾਰ ਨਾਲ ਜੱਲਾਦ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਿਰ ਧੜ ਤੋਂ ਵੱਖ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ।

## ਸ਼ਹੀਦ ਭਾਈ ਬੇਅੰਤ ਸਿੰਘ



**ਬਜ਼ੁਰਗ ਬਾਪੂਆਂ ਦੀ ਦਾੜ੍ਹੀ ਤੇ ਦਸਤਾਰ ਰੋਲੀ ਗਈ। ਅੱਤ ਦਾ ਕਹਿਰ, ਕੌਮ ਨੇ ਸਹਾਰਿਆ। ਕੀ ਇਸ ਕਹਿਰ ਨੂੰ ਕੋਈ ਸੱਚਾ ਸਿੱਖ ਚੁੱਪ-ਚਾਪ ਬਰਦਾਸ਼ਤ ਕਰ ਸਕਦਾ ਸੀ ? ਕੀ ਉਸਦੀਆਂ ਅੱਖਾਂ ਅੱਗੋਂ ਇਹ, ਖ਼ੌਫ਼ਨਾਕ, ਮੰਜ਼ਰ ਅਤੇ ਪੁਰਾਤਨ ਇਤਿਹਾਸ ਦਾ ਦ੍ਰਿਸ਼ ਆਲੋਪ ਹੋ ਸਕਦਾ ਸੀ ? ਜੇ ਅੱਜ ਦੇ ਦਿਨ 31 ਅਕਤੂਬਰ ਨੂੰ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਪੁਰਾਤਨ ਸਿੰਘਾਂ ਵਾਲੇ ਇਤਿਹਾਸ ਨੂੰ ਨਾ ਦੁਹਰਾਉਂਦੇ ਤਾਂ ਕੀ ਅੱਜ ਸਿੱਖ ਕੌਮ ਸਿਰ ਚੁੱਕ ਕੇ ਤੁਰਨਯੋਗੀ ਰਹਿ ਗਈ ਹੁੰਦੀ ?**

ਸਿੱਖ ਕੌਮ ਦੇ ਸ਼ਾਨਾਮੱਤੇ, ਅਨੂਠੇ, ਵਿਲੱਖਣ ਇਤਿਹਾਸ ਦੇ ਭਾਵੇਂ ਹਰ ਪੰਨੇ ਤੇ ਵਿਲੱਖਣ ਇਬਾਰਤ ਕੌਮ ਨੇ ਆਪਣੀ ਬਹਾਦਰੀ, ਕੁਰਬਾਨੀ, ਜਜ਼ਬੇ ਨਾਲ ਲਿਖੀ ਹੈ। ਪ੍ਰੰਤੂ ਕੁਝ ਪੰਨੇ ਜਿਹੜੇ ਧਰੂ-ਤਾਰੇ ਵਾਗੂੰ ਚਮਕਦੇ ਹਨ, ਉਨਾਂ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਹੈ। ਕੌਮ ਨੂੰ ਜੀਵਨ-ਦਾਨ ਦਿੱਤਾ ਹੈ। ਇਹ ਪੰਨੇ ਕੌਮ ਨੂੰ ਆਪਣੇ ਵਿਰਸੇ ਦਾ ਹਾਣੀ ਬਣਾਉਣ ਲਈ ਅਨੂਠੀ ਸ਼ਹਾਦਤ ਦੇ ਕੇ ਆਪਣੇ ਖ਼ੂਨ ਨਾਲ ਲਿਖਣ ਵਾਲੇ ਯੋਧਿਆਂ ਦੀ ਲਾਸਾਨੀ ਕੁਰਬਾਨੀ ਦੀ ਦਾਸਤਾਨ ਵਾਲੇ ਹਨ।

31 ਅਕਤੂਬਰ ਦਾ ਦਿਨ ਇਤਿਹਾਸ ਵੱਲੋਂ ਕੌਮ ਦੀ ਪ੍ਰੀਖਿਆ ਲੈਣ ਦਾ ਦਿਨ ਸੀ, ਪੁਰਾਤਨ ਇਤਿਹਾਸ ਸਾਹਮਣੇ ਸੱਚੇ ਹੋ ਕੇ ਸੁਰਖ਼ਰੂ ਹੋਣ ਦਾ ਦਿਨ ਸੀ ਅਤੇ ਕੌਮੀ ਯੋਧਿਆਂ ਨੇ ਇਸ ਪ੍ਰੀਖਿਆ 'ਚੋਂ ਪੂਰੇ ਵਟਾ ਪੂਰੇ ਨੰਬਰ ਲੈ ਕੇ ਕੌਮ ਦੀ ਰੱਖ ਵਿਖਾਈ ਸੀ, ਕੌਮ ਦਾ ਸਿਰ ਮਾਣ ਨਾਲ ਉੱਚਾ ਕੀਤਾ ਸੀ। ਧਰਤੀ ਦੇ ਸੱਚਖੰਡ, ਭਗਤੀ ਦੇ ਕੇਂਦਰ, ਸਿੱਖ ਕੌਮ ਦੇ ਜਾਨ ਤੋਂ ਪਿਆਰੇ ਦਰਬਾਰ ਸਾਹਿਬ 'ਤੇ ਸਮੇਂ ਦੇ ਹੰਕਾਰੀ, ਜਾਬਰ, ਦੁਸ਼ਟ ਹਾਕਮਾਂ ਨੇ, ਸਿੱਖੀ ਦੇ ਨਿਆਰੇ-ਨਿਰਾਲੇਪਣ ਦੇ ਖ਼ਾਤਮੇ ਲਈ ਇਕ ਨਹੀਂ ਅਨੇਕਾਂ ਵਾਰ ਹੱਲੇ ਬੋਲੇ ਅਤੇ ਧਰਤੀ ਦੇ ਇਸ ਸੱਚਖੰਡ ਨੂੰ ਢਹਿਢੇਰੀ ਕਰਨ ਦਾ ਕਹਿਰ ਢਾਹਿਆ। ਪ੍ਰੰਤੂ ਕੁਦਰਤ ਨੇ, ਕੌਮ ਨੇ ਉਨਾਂ ਦੁਸ਼ਟਾਂ ਨੂੰ 153 ਦਿਨਾਂ ਤੋਂ ਵੱਧ ਸਮਾਂ ਇਸ ਧਰਤੀ ਤੇ ਰਹਿਣ ਦਾ ਹੱਕ ਨਹੀਂ ਦਿੱਤਾ।

ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ 'ਚ ਐਮਰਜੈਂਸੀ ਲਾ ਕੇ, ਦੇਸ਼ ਨੂੰ ਜੇਲਖਾਨੇ 'ਚ ਤਬਦੀਲ ਕਰ ਦਿੱਤਾ ਗਿਆ। ਗੁਰੂ ਨਾਨਕ ਪਾਤਸ਼ਾਹ ਦੇ ਵਾਰਿਸਾਂ ਨੇ 'ਬਾਬਰ ਨੂੰ ਜਾਬਰ' ਆਖਣ ਲਈ ਇੰਦਰਾ ਗਾਂਧੀ ਦੇ ਜ਼ੁਲਮੋਂ-ਤਸ਼ੱਦਦ ਵਿਰੁੱਧ ਮੋਰਚਾ ਲਾ ਦਿੱਤਾ। ਇੰਦਰਾ ਗਾਂਧੀ ਦੇ ਜਬਰ ਦੇ ਬਾਵਜੂਦ ਇਹ ਮੋਰਚਾ ਨਿਰੰਤਰ 19 ਮਹੀਨੇ ਚੱਲਦਾ ਰਿਹਾ।

ਜਿਵੇਂ ਕਦੇ ਅਬਦਾਲੀ ਨੇ ਆਖਿਆ ਸੀ ਕਿ ਜੇ ਸਿੱਖ ਖ਼ਤਮ ਨਾ ਕੀਤੇ ਤਾਂ ਇਹ ਇਕ ਦਿਨ ਇਸ ਦੇਸ਼ ਦੇ ਹਾਕਮ ਬਣਨਗੇ। ਇੰਦਰਾ ਗਾਂਧੀ ਨੂੰ ਓਹੋ ਅਹਿਸਾਸ ਹੋ ਗਿਆ ਤੇ ਉਸਨੇ ਉਸੇ ਦਿਨ ਤੋਂ ਸਿੱਖਾਂ ਨੂੰ ਸਬਕ ਸਿਖਾਉਣ ਲਈ, ਉਨਾਂ ਦੇ ਖ਼ਾਤਮੇ ਦੀ ਸਹੁੰ ਖਾ ਲਈ। ਸਿੱਖਾਂ ਪ੍ਰਤੀ ਇੰਦਰਾ ਗਾਂਧੀ ਦੇ ਮਨ 'ਚ ਨਫ਼ਰਤ ਇਸ ਕਦਰ ਪੈਦਾ ਹੋ ਗਈ ਕਿ ਉਸਨੇ ਰੂਸ, ਇੰਗਲੈਂਡ ਵਰਗੇ ਮਲਕਾਂ ਤੋਂ ਮੱਦਦ ਲੈ ਕੇ ਭਗਤੀ ਤੇ ਕੇਂਦਰ ਤੇ ਆਪਣੀਆਂ ਫੌਜਾਂ ਕਿਸੇ ਦੁਸ਼ਮਣ ਦੇਸ਼ ਵਾਗੂੰ ਚਾੜ ਦਿੱਤੀਆਂ। ਇੰਦਰਾ ਗਾਂਧੀ ਦੇ ਜਾਬਰ ਹੁਕਮ ਸਦਕਾ, ਫੌਜ ਨੇ, ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ, ਸਿੱਖ ਸੰਗਤਾਂ ਦਾ ਵਹਿਸ਼ੀਆਨਾ ਕਤਲੇਆਮ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਟੈਂਕਾਂ, ਤੋਪਾਂ ਦੇ ਗੋਲਿਆਂ ਨਾਲ ਤਬਾਹ ਕਰ ਦਿੱਤਾ।

ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ 'ਚ ਸ਼ੁਸ਼ੋਭਿਤ 'ਗੁਰਾਂ ਦੀ ਦੇਹਿ' ਨੂੰ ਗੋਲੀਆਂ ਨਾਲ ਛਲਨੀ ਕਰ ਦਿੱਤਾ। ਸਿੱਖਾਂ ਦੇ ਸਾਹਿਤਕ ਤੇ ਸੱਭਿਆਚਾਰਕ ਖਜ਼ਾਨੇ ਨੂੰ ਨੇਸਤਨਾਬੂਦ ਕਰ ਦਿੱਤਾ ਗਿਆ, ਪੂਰਾ ਪੰਜਾਬ ਬੰਦੀ ਬਣਾ ਲਿਆ ਗਿਆ। ਇੱਕੋ ਵੇਲੇ 37 ਗੁਰੂ ਘਰਾਂ ਤੇ ਫੌਜੀ ਹਮਲਾ ਕਰਕੇ, ਸਿੱਖਾਂ ਦਾ ਕਤਲੇਆਮ ਕੀਤਾ ਗਿਆ।

ਧੀਆਂ-ਭੈਣਾਂ ਦੀ ਪੱਤ ਰੋਲੀ ਗਈ। ਬਜ਼ੁਰਗ ਬਾਪੂਆਂ ਦੀ ਦਾੜ੍ਹੀ ਤੇ ਦਸਤਾਰ ਰੋਲੀ ਗਈ। ਅੱਤ ਦਾ ਕਹਿਰ, ਕੌਮ ਨੇ ਸਹਾਰਿਆ। ਕੀ ਇਸ ਕਹਿਰ ਨੂੰ ਕੋਈ ਸੱਚਾ ਸਿੱਖ ਚੁੱਪ-ਚਾਪ ਬਰਦਾਸ਼ਤ ਕਰ ਸਕਦਾ ਸੀ ? ਕੀ ਉਸਦੀਆਂ ਅੱਖਾਂ ਅੱਗੋਂ ਇਹ, ਖ਼ੌਫ਼ਨਾਕ, ਮੰਜ਼ਰ ਅਤੇ ਪੁਰਾਤਨ ਇਤਿਹਾਸ ਦਾ ਦਿ ਰਸ਼ ਆਲੋਪ ਹੋ ਸਕਦਾ ਸੀ ? ਜੇ ਅੱਜ ਦੇ ਦਿਨ 31 ਅਕਤੂਬਰ ਨੂੰ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਪੁਰਾਤਨ ਸਿੰਘਾਂ ਵਾਲੇ ਇਤਿਹਾਸ ਨੂੰ ਨਾ ਦੁਹਰਾਉਂਦੇ ਤਾਂ ਕੀ ਅੱਜ ਸਿੱਖ ਕੌਮ ਸਿਰ ਚੁੱਕ ਕੇ ਤੁਰਨਯੋਗੀ ਰਹਿ ਗਈ ਹੁੰਦੀ ?

ਸਿੱਖੀ 'ਚ ਹਿੰਸਾ ਲਈ, ਕਤਲੋਗਾਰਤ ਲਈ ਕੋਈ ਥਾਂ ਨਹੀਂ, ਪ੍ਰੰਤੂ ਦੁਸ਼ਟ ਦੇ ਜ਼ੁਲਮੋ-ਸ਼ਿਤਮ ਨੂੰ ਬਰਦਾਸ਼ਤ ਕਰਨ ਦੀ ਵੀ ਕਿਸੇ ਸਿੱਖ ਨੂੰ ਆਗਿਆ ਨਹੀਂ। ਜ਼ੁਲਮ ਕਰਨਾ ਤੇ ਜ਼ੁਲਮ ਸਹਿਣਾ, ਸਿੱਖੀ 'ਚ ਬਰਾਬਰ ਦੇ ਗੁਨਾਹ ਹਨ। ਜਬਰ ਦਾ ਮੁਕਾਬਲਾ ਪਹਿਲਾ ਸਬਰ ਨਾਲ ਅਤੇ ਜਦੋਂ ਅੱਤ ਹੋ ਜਾਵੇ ਫ਼ਿਰ ਜਬਰ ਦਾ ਅੰਤ ਕਰਨ ਲਈ ਸਿਖ਼ਰਲਾ ਹਥਿਆਰ ਵਰਤਣਾ, ਸਿੱਖੀ ਸਿਧਾਂਤਾਂ ਵੱਲੋਂ ਦਰਸਾਇਆ ਮਾਰਗ ਹੈ।

ਇਸ ਮਾਰਗ ਨੂੰ ਅੱਜ ਦੇ ਦਿਨ ਭਾਈ ਬੇਅੰਤ ਸਿੰਘ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੇ ਅਪਨਾਇਆ ਸੀ। ਉਨਾਂ ਇਤਿਹਾਸ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਹਮਲਾਵਰਾਂ ਨੂੰ 153 ਦਿਨਾਂ 'ਚ ਸੋਧਣ ਦੀ ਪ੍ਰੀਖਿਆ ਨੂੰ ਪਾਸ ਕੀਤਾ ਅਤੇ ਕੌਮ ਦੇ ਜਿਊਂਦੀ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ। ਇਸੇ ਪ੍ਰਤੱਖ ਪ੍ਰਮਾਣ ਤੋਂ ਫ਼ਿਰਕੂ ਜਾਨੂੰਨੀ ਹਿੰਦੂਵਾਦੀ ਤਾਕਤਾਂ, ਧੁਰ ਅੰਦਰ ਤੱਕ ਹਿੱਲੀਆਂ ਤੇ ਉਨਾਂ ਆਪਣੀ ਇਸ ਬੁਖਲਾਹਟ ਦਾ ਸਬੂਤ ਸਿੱਖ ਕਤਲੇਆਮ ਦੇ ਵਹਿਸ਼ੀਆਨਾ ਢੰਗ ਨਾਲ ਦਿੱਤਾ।

ਅੱਜ ਜਦੋਂ ਅਸੀਂ ਭਾਈ ਬੇਅੰਤ ਸਿੰਘ ਦੀ ਸ਼ਹੀਦੀ ਨੂੰ ਅਤੇ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਦਲੇਰੀ, ਕੁਰਬਾਨੀ ਤੇ ਬਹਾਦਰੀ ਨੂੰ ਯਾਦ ਕਰ ਰਹੇ ਹਾਂ ਤਾਂ ਸਾਨੂੰ ਇਹ ਵੀ ਯਾਦ ਕਰਨਾ ਪਵੇਗਾ ਕਿ ਜਿਸ ਕੌਮ ਨੂੰ ਆਪਣੇ ਭਗਤੀ ਦੇ ਕੇਂਦਰ ਵੱਲ ਕਿਸੇ ਦੁਸ਼ਟ ਨੂੰ ਕੈਰੀ ਅੱਖ ਨਾਲ ਵੇਖਣ ਦੀ ਕਦੇ ਆਗਿਆ ਨਹੀਂ ਸੀ ਦਿੱਤੀ।

ਅੱਜ ਉਸ ਕੌਮ ਦੇ ਗੁਰੂ ਦੀ ਦਿਨ-ਦਿਹਾੜੇ, ਆਏ ਦਿਨ ਬੇਅਦਬੀ ਹੋ ਰਹੀ ਹੈ ਅਤੇ ਕੌਮ ਉਸ ਬੇਅਦਬੀ ਦੇ ਦੋਸ਼ੀਆਂ ਦੀ ਗਿ ਰਫ਼ਤਾਰੀ ਦੀ ਮੰਗ ਕਰਦੀ, ਜਾਬਰ ਹਕੂਮਤ ਦੀਆਂ ਗੋਲੀਆਂ ਖਾ-ਖਾ ਸ਼ਹੀਦ ਹੋਈ ਜਾ ਰਹੀ ਹੈ, ਪ੍ਰੰਤੂ ਇਨਸਾਫ਼ ਲਈ ਦੁਸ਼ਟ ਦੋਸ਼ੀਆਂ ਦੀ ਗਿ ਰਫ਼ਤਾਰੀ ਲਈ ਸਰਕਾਰ ਅੱਗੇ ਝੋਲੀ ਅੱਡਣ ਤੱਕ ਹੀ ਮਜ਼ਬੂਰ ਹੈ। ਫ਼ਿਰ ਅੱਜ ਦੇ ਮਹਾਨ ਇਤਿਹਾਸ ਅੱਗੇ ਸਿਵਾਏ ਸ਼ਰਮਸ਼ਾਰ ਹੋਣ ਤੋਂ ਹੋਰ ਕੀ ਹੋ ਸਕਦਾ ਹੈ ? ਪ੍ਰੰਤੂ ਸਿਰਜਿਆ ਗਿਆ ਇਤਿਹਾਸ ਤਾਂ ਹਰ 31 ਅਕਤੂਬਰ ਨੂੰ ਸਾਡੀ ਗੈਰਤ ਨੂੰ ਵੰਗਾਰਦਾ ਰਹੇਗਾ, ਇਹ ਪੱਕਾ ਹੈ।

***ਧੰਨਵਾਦ ਸਹਿਤ ਰੋਜ਼ਾਨਾ ਪਹਿਰੇਦਾਰ ਵਿੱਚੋਂ***



# ਖਿਆਲ ਤੇ ਪ੍ਰਯੋਜਨ

## ਸ. ਮੱਘਰ ਸਿੰਘ

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥
ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥
ਤਾ ਕੈ ਆਤਮੈ ਹੋਇ ਪਰਗਾਸੁ ॥(ਅੰਗ ੨੩੬)

ਜੋ ਭੀ ਤੁਹਾਡਾ ਮੰਤਵ, ਤੁਹਾਡਾ ਪ੍ਰਯੋਜਨ ਤੁਹਾਡਾ ਨਿਸ਼ਾਨਾ ਹੋਵੇ, ਉਸ ਬਾਰੇ ਚੰਗੀ ਤਰ੍ਹਾਂ ਵਿਚਾਰ ਕਰੋ, ਉਸ ਦੀ ਪ੍ਰਾਪਤੀ ਲਈ, ਪੂਰਾ ਜਤਨ ਕਰੋ, ਪੂਰਾ ਜ਼ੋਰ ਲਾਉ। ਨਿਸ਼ਾਨਾ ਨਾ ਹੋਣਾ, ਆਦਰਸ਼ ਦਾ ਨਾ ਹੋਣਾ, ਇਵੇਂ ਹੀ ਹੈ ਜਿਵੇਂ ਕੋਈ ਬੇੜੀ ਵਿਚ ਬੈਠਾ ਹੋਵੇ ਤੇ ਇਹ ਥਹੁ-ਪਤਾ ਨਾ ਹੋਵੇ ਕਿ ਜਾਣਾ ਕਿੱਥੇ ਹੈ ?

ਜਿਨ੍ਹਾਂ ਦਾ ਜੀਵਨ-ਆਦਰਸ਼ ਨਹੀਂ, ਜ਼ਿੰਦਗੀ ਦਾ ਨਿਸ਼ਾਨਾ ਨਹੀਂ, ਕੋਈ ਉਦੇਸ਼ ਨਹੀਂ, ਉਹ ਚਿੰਤਾਤੁਰ ਹੁੰਦੇ ਭੈ-ਭੀਤ ਹੁੰਦੇ ਤੇ ਐਵੇਂ ਦੁਖੀ ਹੁੰਦੇ ਹਨ। ਇਹ ਸਭਕਮਜ਼ੋਰੀ ਨਿਰਬਲਤਾ ਦੇ ਨਿਸ਼ਾਨ ਹਨ ਤੇ ਇਸ ਦਾ ਨਤੀਜਾ ਇਹੋ ਹੁੰਦਾ ਹੈ ਕਿ ਕੰਮ ਵਿਚ ਸਫਲਤਾ ਨਹੀਂ ਹੁੰਦੀ। ਘਾਟੇ ਪੈਂਦੇ ਹਨ ਤੇ ਆਦਮੀ ਦੁਖੀ ਹੁੰਦਾ ਹੈ।ਸੰਸਾਰ ਵਿਚ ਸਫਲਤਾ ਬਲਵਾਨਾਂ ਲਈ ਹੈ।ਬਲਵਾਨ ਹਿਰਦੇ ਵਾਲੇ, ਬਲਵਾਨ ਮਨ ਵਾਲੇ, ਬਲਵਾਨ ਖਿਆਲਾਂ ਵਾਲੇ, ਸਫਲਤਾ ਪ੍ਰਾਪਤ ਕਰਦੇ ਹਨ। ਕਮਜ਼ੋਰੀ ਤਾਂ ਹਾਰ ਦੀ ਸੰਗਣ ਅਥਵਾ ਸਾਥਣ ਹੈ।

ਆਦਮੀ ਨੂੰ ਆਪਣੇ ਹਿਰਦੇ ਵਿਚ ਸ੍ਰੇਸ਼ਟ ਸ਼ੁਭ ਆਦਰਸ਼ ਧਾਰਨ ਕਰਨਾ ਚਾਹੀਏ ਤੇ ਉਸ ਦੀ ਪ੍ਰਾਪਤੀ ਲਈ ਉੱਦਮ ਕੀਤਾ ਲੋੜੀਏ। ਆਦਰਸ਼ ਨੂੰ ਆਪਣੇ ਖਿਆਲਾਂ ਦਾ ਕੇਂਦਰ ਬਣਾਉ। ਭਾਵੇਂ ਤੁਹਾਡਾ ਆਦਰਸ਼ ਆਤਮਕ ਆਦਰਸ਼ ਹੋਵੇ, ਭਾਵੇਂ ਮਾਇਕ ਹੋਵੇ, ਆਪਣੇ ਪ੍ਰਯੋਜਨ, ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਇਕਾਗਰ ਬਿਰਤੀ ਨਾਲ ਵਿਚਾਰ ਕਰੋ, ਉਸ ਬਾਰੇ ਭਲੀ ਪ੍ਰਕਾਰ ਵੀਚਾਰ ਕਰੋ।ਆਪਣੇ ਪ੍ਰਯੋਜਨ ਦੀ ਪ੍ਰਾਪਤੀ ਲਈ ਪੂਰਾ ਤਾਣ ਲਾਓ, ਉਸ ਦੀ ਪ੍ਰਾਪਤੀ ਲਈ ਪੂਰਾ ਜਤਨ ਕਰੋ, ਇਕੋ ਲਗਨ ਮਨ ਵਿਚ ਲੱਗੀ ਰਹੇ, ਤੇ ਏਧਰ-ਓਧਰ ਦੇ ਦੀਨ-ਹੀਨ ਖਿਆਲਾਂ ਨੂੰ ਮਨ ਵਿਚ ਆਉਣ ਨਾ ਦਿਓ। ਖਿਆਲ ਦੀ ਦ੍ਰਿੜਤਾ, ਖਿਆਲ ਦੀ ਬਲਵਾਨਤਾ, ਬਿਰਤੀ ਦੀ ਇਕਾਗਰਤਾ ਤੇ ਆਪਣੇ ਆਪ ਨੂੰ ਵਸ ਕਰਨ ਦਾ ਇਹੋ ਸਾਧਨ ਹੈ।

ਇਹ ਹੋ ਸਕਦਾ ਹੈ ਕਿ ਪੂਰੀ ਸਫਲਤਾ ਨਾ ਹੋਣ ਕਰਕੇ ਸ਼ੁਰੂ-ਸ਼ੁਰੂ ਵਿਚ ਕੰਮ ਵਿਚ ਸਫਲਤਾ ਤੇ ਪ੍ਰਾਪਤੀ ਨਾ ਹੋਵੇ, ਪਰ ਪ੍ਰਯੋਜਨ ਨਾਲ ਇਕ ਵਾਰ ਲਿਵ ਲਾਉਣ ਨਾਲ ਬਿਰਤੀ ਟਿਕਾਉਣ ਨਾਲ, ਮਨ ਬਲਵਾਨ ਹੁੰਦਾ ਚਲਾ ਜਾਏਗਾ, ਇਰਾਦੇ ਵਿਚ ਦ੍ਰਿੜ੍ਹਤਾ ਆਵੇਗੀ, ਤੇ ਅਖੀਰ ਸਫਲਤਾ ਪ੍ਰਾਪਤ ਹੋਣੀ ਅਵੱਸ਼ ਹੈ। ਜੋ ਲੋਕ ਕੋਈ ਪਰਮ-ਪ੍ਰਯੋਜਨ ਮਨ ਵਿਚ ਧਾਰਨ ਤੋਂ ਅਸਮਰਥ ਹਨ, ਉਨ੍ਹਾਂ ਲਈ ਇਹੋ ਕਾਫੀ ਹੈ ਕਿ ਉਹ ਆਪਣੇ ਨਿੱਕੇ-ਵੱਡੇ ਫਰਜ਼ ਨੂੰ, ਆਪਣੇ ਕਰਤੱਵ ਨੂੰ ਭਲੀ ਪ੍ਰਕਾਰ ਨਿਭਾਉਣ। ਇਸ ਪ੍ਰਕਾਰ ਇਕਾਗਰਤਾ, ਇਕ-ਮਨ, ਇਕ-ਚਿੱਤ ਹੋਣ ਦੀ ਆਦਤ ਦ੍ਰਿੜ ਹੋਵੇਗੀ, ਇਰਾਦੇ ਵਿਚ ਦ੍ਰਿੜ੍ਹਤਾ ਆਵੇਗੀ, ਤੇ ਹੋ ਨਹੀਂ ਸਕਦਾ ਕਿ ਉਸ ਨੂੰ ਨਿਰਾਸਤਾ ਹੋਵੇ, ਤੇ ਸਫਲਤਾ ਨਾ ਹੋਵੇ।

ਭਾਵੇਂ ਮਨ ਕਿੱਡਾ ਵੀ ਨਿਰਬਲ ਹੋਵੇ, ਇਰਾਦਾ ਕਿੱਡਾ ਕਮਜ਼ੋਰ ਹੋਵੇ, ਪਰ ਤੁਸੀਂ ਯਾਦ ਰੱਖੋ ਕਿ ਜਤਨ ਕਰਨ ਨਾਲ, ਉੱਦਮ ਕਰਨ ਨਾਲ, ਮੁੜ-ਮੁੜ ਹਿੰਮਤ ਕਰਨ ਨਾਲ, ਤੁਹਾਡਾ ਮਨ ਬਲਵਾਨ ਹੁੰਦਾ ਜਾਏਗਾ, ਤੇ ਜਿਉਂ-ਜਿਉਂ ਤੁਸੀਂ, ਉੱਦਮ ਕਰੋਗੇ, ਧੀਰਜ ਰਖੋਗੇ, ਤੇ ਆਪਣੀ ਧੁੰਨ ਵਿਚ ਲੱਗੇ ਰਹੋਗੇ, ਤੁਹਾਡਾ ਮਨ ਬਲਵਾਨ ਹੁੰਦਾ ਜਾਏਗਾ ਤੇ ਅਖੀਰ ਤੁਹਾਡੇ ਅੰਦਰ ਦੈਵੀ ਸ਼ਕਤੀ ਵਾਪਰੇਗੀ, ਜਿਵੇਂ ਤੁਸੀਂ ਨਿਰਬਲ ਸਰੀਰ ਨੂੰ, ਮੁਨਾਸਬ ਕਸਰਤ ਦੁਆਰਾ ਬਲਵਾਨ ਬਣਾ ਸਕਦੇ ਹੋ, ਇਵੇਂ ਹੀ ਤੁਸੀਂ, ਦੁਰਬਲ ਖਿਆਲ ਨੂੰ ਸ਼ੁੱਧ ਸ੍ਰੇਸ਼ਟ ਵਿਚਾਰਾਂ ਦੁਆਰਾ ਬਲਵਾਨ ਬਣਾ ਸਕਦੇ ਹੋ।ਪ੍ਰਯੋਜਨ ਦਾ ਮਨ ਵਿਚ ਨਾ ਹੋਣਾ, ਦੁਰਬਲਤਾ ਪੈਦਾ ਕਰਦਾ ਹੈ, ਮਨ ਵਿਚ ਆਦਰਸ਼ ਧਾਰਨ ਕਰਨ ਨਾਲ, ਮਨ ਬਲਵਾਨ, ਸ਼ਕਤੀਮਾਨ ਹੁੰਦਾ ਹੈ, ਤੇ ਸਫਲਤਾ ਪ੍ਰਾਪਤ ਹੁੰਦੀ ਹੈ। ਬਲਵਾਨ ਮਨ ਵਾਲੇ, ਪੱਕਾ ਇਰਾਦਾ ਕਰ ਕੇ ਨਿਰਭੈ ਹੋ ਕੇ, ਪੂਰਾ ਜਤਨ ਕਰ ਕੇ, ਪੂਰਾ ਤਾਣ ਲਾ ਕੇ, ਭਲੀ ਪ੍ਰਕਾਰ ਸਫਲਤਾ ਪ੍ਰਾਪਤ ਕਰਦੇ ਹਨ।ਆਪਣਾ ਆਦਰਸ਼ ਬਣਾ ਕੇ ਆਦਮੀ ਨੂੰ ਮਨ ਵਿਚ ਸਿੱਧਾ ਨਿਸ਼ਾਨਾ, ਸਿੱਧਾ ਰਾਹ ਵਿਚਾਰ ਲੈਣਾ ਚਾਹੀਦਾ ਹੈ, ਤੇ ਫੇਰ ਉਸ ਨੂੰ ਸਿੱਧਾ ਨਿਸ਼ਾਨੇ 'ਤੇ ਪੁੱਜਣਾ ਲੋੜੀਏ। ਐਵੇਂ, ਸੱਜੇ ਖੱਬੇ, ਭੰਬਲਭੂਸੇ ਖਾਣ ਦੀ ਲੋੜ ਨਹੀਂ ।ਭੈਅ ਨੂੰ, ਸ਼ੰਕਿਆਂ ਨੂੰ, ਉੱਕਾ ਨੇੜੇ ਨਾ ਆਉਣ ਦਿਓ। ਸ਼ੰਕੇ, ਤੌਖਲੇ ਉੱਦਮ ਦੇ ਰਾਹ ਵਿਚ ਵਿਘਨ ਪਾਉਣ ਵਾਲੇ ਹੁੰਦੇ ਹਨ ਤੇ ਆਦਮੀ ਐਵੇਂ ਇੱਧਰ-ਉਧਰ ਭਟਕਦਾ ਡਾਵਾਂ-ਡੋਲ ਹੁੰਦਾ, ਠੇਡੇ ਖਾਂਦਾ ਫਿਰਦਾ ਹੈ। ਜਿਥੇ ਸ਼ੰਕੇ-ਤੌਖਲੇ ਹਨ ਉਥੇ ਸਫਲਤਾ ਕਿੱਥੇ ?ਉਥੇ ਤਾਂ ਹਾਰ ਹੀ ਹਾਰ ਹੈ।ਜਿੱਥੇ ਸ਼ੰਕੇ ਤੌਖਲੇ ਹਨ, ਉਥੇ ਨਾ ਹਿੰਮਤ ਰਹਿੰਦੀ ਹੈ, ਨਾ ਉਤਸ਼ਾਹ ਹੁੰਦਾ ਹੈ, ਤੇ ਨਾ ਕੰਮ ਕਰਨ ਦੀ ਸ਼ਕਤੀ ਰਹਿੰਦੀ ਹੈ ਅਤੇ ਮਨ ਹੀਨ ਤੇ ਦੁਰਬਲ ਹੁੰਦਾ ਹੈ।ਇਕ ਉਰਦੂ ਦੇ ਸ਼ਾਇਰ ਦਾ ਕਥਨ ਹੈ:

ਬੁਜ਼ਦਿਲੀ ਕੀ ਰਸਮ ਹੈ ਤੂਫਾਂ ਮੇਂ ਲੰਗਰ ਡਾਲਨਾ,
ਬਾਤ ਤੋ ਤਬ ਬਨੇ, ਉਧਰ ਤੂਫਾਂ ਆਏ, ਇਧਰ ਲੰਗਰ ਉਠੇ।

ਜੇ ਤੁਹਾਨੂੰ ਕਿਸੇ ਕੰਮ ਨੂੰ ਨਿਭਾ ਲੈਣ ਦਾ, ਕਿਸੇ ਕਾਰਜ਼ ਨੂੰ ਸਿੱਧ ਕਰਨ ਦਾ, ਕਿਸੇ ਮੁਹਿੰਮ ਨੂੰ ਸਰ ਕਰਨ ਦਾ, ਪੂਰਨ ਨਿਸ਼ਚਾ ਹੋਵੇ, ਤਾਂ ਤੁਸੀਂ ਉਸ ਕੰਮ ਨੂੰ ਪੱਕੇ ਵਿਸ਼ਵਾਸ ਨਾਲ, ਪੱਕੇ ਇਰਾਦੇ ਨਾਲ ਕਰੋਗੇ। ਸ਼ੰਕੇ-ਤੌਖਲੇ ਵਿਸ਼ਵਾਸਘਾਤੀ ਹਨ, ਤੇ ਜਿਸ ਦੇ ਮਨ ਅੰਦਰ ਸ਼ੰਕੇ ਹਨ ਤੇ ਭੈਅ ਵਿਆਪਕ ਹੈ, ਉਹ ਪੈਰ-ਪੈਰ 'ਤੇ ਠੇਡੇ ਖਾਏਗਾ, ਕਦਮ-ਕਦਮ 'ਤੇ ਹਾਰੇਗਾ, ਬਾਰ ਬਾਰ ਡਿੱਗੇਗਾ।

ਜਿਸ ਦਾ ਮਨ ਸ਼ੰਕਾ-ਰਹਿਤ ਹੋ ਗਿਆ, ਨਿਰਭੈ ਹੋ ਗਿਆ, ਉਸ ਨੇ ਮਾਨੋ ਹਾਰ ਨੂੰ ਪੈਰਾਂ ਹੇਠ ਲਿਤਾੜ ਦਿੱਤਾ! ਉਹ ਬਲਵਾਨ ਹੈ ਤੇ ਉਸ ਦੀਆਂ, ਸਭ ਔਕੜਾਂ ਛਾਂਈਂ-ਮਾਈ ਹੋ ਜਾਂਦੀਆਂ ਹਨ, ਤੇ ਉਸ ਦੀ ਫਤਹਿ ਹੁੰਦੀ ਹੈ, ਉਸ ਦੇ ਆਦਰਸ਼ ਸਭ-ਸ੍ਰੇਸ਼ਟ ਹੁੰਦੇ ਹਨ, ਉਹ ਆਦਰਸ਼ ਫਲਦਾਇਕ ਹੁੰਦੇ ਹਨ ਤੇ ਉਹ ਫਲ ਸਦੀਵੀ ਹੁੰਦਾ ਹੈ। ਜੇ ਆਦਮੀ ਨੂੰ ਭੈ ਨਹੀਂ, ਸ਼ੰਕੇ ਨਹੀਂ ਤਾਂ ਉਸ ਦਾ ਆਦਰਸ਼ ਉਸ ਦੇ ਅੰਦਰ ਸ਼ਕਤੀ ਪੈਦਾ ਕਰਦਾ ਹੈ ਤੇ ਜਿਸ ਮਨੁੱਖ ਨੂੰ ਇਸ ਗੱਲ ਦਾ ਗਿਆਨ ਹੋ ਗਿਆ, ਉਹ ਸ਼ੰਕਿਆਂ, ਤੌਖਲਿਆਂ ਤੋਂ ਰਹਿਤ ਹੋ ਗਿਆ ਤੇ ਬਲਵਾਨ ਹੋ ਗਿਆ, ਉਸ ਦੀ ਸਦਾ ਜੈ ਹੈ, ਸਦਾ ਜਿੱਤ ਹੈ, ਸਦਾ ਸਫਲਤਾ ਹੈ, ਸਦਾ ਕਾਮਯਾਬੀ ਹੈ ਅਰ ਫਤਹਿ ਹੈ:

ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ
ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥(ਅੰਗ ੫੪੦)

ਸ੍ਰੀ ਗੁਰੂ ਰਾਮਦਾਸ ਜੀ ਦੇ ਉਕਤ ਫੁਰਮਾਨ ਦੀ ਤਸਦੀਕ ਉਰਦੂ ਦਾ ਹੇਠ ਲਿਖਿਆ ਸ਼ੇਅਰ ਕਰਦਾ ਹੈ:

ਆਤਾ ਹੈ ਤੂਫਾਂ ਤੋਂ ਆਨੇ ਦੋ, ਕਸ਼ਤੀ ਕਾ ਖਦਾ ਖ਼ੁਦ ਹਾਫਜ਼ ਹੈ
ਕੁਛ ਮੁਸ਼ਕਲ ਨਹੀਂ ਇਨ ਮੌਜੋਂ ਮੇਂ, ਬਹਿਤਾ ਹੂਆ ਸਾਹਿਲ ਆ ਜਾਏ

ਜੇ ਤੁਹਾਡੇ ਪੱਕੇ ਇਰਾਦੇ ਹਨ, ਪਰਮਾਤਮਾ 'ਤੇ ਪੂਰਨ ਭਰੋਸਾ ਹੈ ਤਾਂ ਲਾਜ਼ਮੀ ਹੈ ਕਿ ਜਿਸ ਕਿਨਾਰੇ 'ਤੇ ਤੁਸੀਂ ਆਪਣੀ ਕਿਸ਼ਤੀ ਨੂੰ ਲਿਜਾਣਾ ਚਾਹੁੰਦੇ ਹੋ, ਉਹ ਕਿਨਾਰਾ ਹੀ ਇਹਨਾਂ ਤੂਫਾਨੀ ਲਹਿਰਾਂ ਵਿਚ ਖੁਦ ਤੁਹਾਡੇ ਪਾਸ ਪੁੱਜ ਜਾਏ। ਇਹ ਹੈ ਪੱਕੇ ਇਰਾਦੇ ਦੀ ਸਫਲਤਾ।

# ਸ੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

## ਹੜ੍ਹਾਂ ਨਾਲ ਪ੍ਰਭਾਵਿਤ ਸਮੂਹ ਕਿਸਾਨਾਂ ਨੂੰ ਤੁਰੰਤ ਆਰਥਿਕ ਮੁਆਵਜ਼ਾ ਜਾਰੀ ਕਰਨ ਦੀ ਕੀਤੀ ਮੰਗ




ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਜਨਰਲ ਸਕੱਤਰ ਸ: ਜਸਬੀਰ ਸਿੰਘ ਘੁੰਮਣ, ਜਥੇਬੰਦਕ ਸਕੱਤਰ ਅਜੇਪਾਲ ਸਿੰਘ ਮੀਰਾਂਕੋਟ, ਵਰਕਿੰਗ ਕਮੇਟੀ ਮੈਂਬਰ ਰਘਬੀਰ ਸਿੰਘ ਰਾਜਾਸਾਂਸੀ, ਸ: ਬਲਵਿੰਦਰ ਸਿੰਘ ਜੌੜਾਸਿੰਘਾ, ਸਵਿੰਦਰ ਸਿੰਘ ਦੋਬਲੀਆਂ, ਦਲਜਿੰਦਰਬੀਰ ਸਿੰਘ ਜਾਣੀਆਂ ਅਤੇ ਕੁਲਜੀਤ ਸਿੰਘ ਦੀ ਅਗਵਾਈ ਹੇਠ ਪਾਰਟੀ ਵਫ਼ਦ ਵੱਲੋਂ ਅੰਮ੍ਰਿਤਸਰ ਦੇ ਡੀਸੀ (43) ਨੂੰ ਮੰਗ ਪੱਤਰ ਦਿੱਤਾ ਗਿਆ ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਦੇ ਕਈ ਹਿੱਸਿਆਂ ਵਿੱਚ ਆਏ ਹੜ੍ਹਾਂ ਕਾਰਣ ਫਸਲਾਂ ਪਾਣੀ ਹੇਠ ਆ ਗਈਆਂ, ਘਰਾਂ ਅਤੇ ਪਸ਼ੂਆਂ ਦਾ ਭਾਰੀ ਨੁਕਸਾਨ ਹੋਇਆ, ਇਸ ਦੇ ਨਾਲ ਹੀ ਪੰਜਾਬ ਦੇ ਵੱਡੇ ਹਿੱਸੇ ਵਿੱਚ ਝੋਨੇ ਦੀ ਫਸਲ ਉੱਤੇ ਹਲਦੀ ਰੋਗ ਅਤੇ ਚਾਈਨਾ ਵਾਇਰਸ ਝੋਨੇ ਦੀ ਫ਼ਸਲ ਦਾ ਵੱਡਾ ਨੁਕਸਾਨ ਹੋਇਆ ਹੈ, ਜਿਸ ਕਾਰਨ ਔਸਤਨ ਝਾੜ 40 ਫ਼ੀਸਦ ਤੱਕ ਘੱਟ ਰਿਹਾ ਹੈ, ਜਿਸ ਕਰਕੇ ਕਿਸਾਨ ਬੁਰੀ ਤਰ੍ਹਾਂ ਪੀੜਤ ਹੋਇਆ ਹੈ । ਆਗੂਆਂ ਨੇ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਨੇ ਇਸ ਤ੍ਰਾਸਦੀ ਨੂੰ ਸੰਵੇਦਨਸ਼ੀਲਤਾ ਨਾਲ ਲਿਆ ।ਇਸ ਦੌਰਾਨ ਆਗੂਆਂ ਨੇ ਮੰਗ ਕੀਤੀ ਕਿ ਹੜ੍ਹ ਨਾਲ ਪ੍ਰਭਾਵਿਤ ਸਾਰੇ ਕਿਸਾਨਾਂ ਨੂੰ ਤੁਰੰਤ ਆਰਥਿਕ ਮੁਆਵਜ਼ਾ ਦਿੱਤਾ ਜਾਵੇ, ਝੋਨੇ ਦੀ ਫ਼ਸਲ ਦਾ ਔਸਤਨ 40 ਫ਼ੀਸਦ ਘੱਟ ਝਾੜ ਨਿਕਲਣ ਉਪਰ ਬੋਨਸ ਦੇਕੇ ਆਰਥਿਕ ਭਰਪਾਈ ਕੀਤੀ ਜਾਵੇ, ਹਲਦੀ ਰੋਗ ਅਤੇ ਚਾਈਨਾ ਵਾਇਰਸ ਕਾਰਨ ਖਰਾਬ ਹੋਈ ਫਸਲਾਂ ਨੂੰ ਕੁਦਰਤੀ ਆਫਤ ਮੰਨ ਕੇ ਵਿਸ਼ੇਸ਼ ਸਹਾਇਤਾ ਪੈਕੇਜ ਦਿੱਤਾ ਜਾਵੇ, ਬਦਰੰਗ ਹੋਏ ਅਤੇ ਕੁਦਰਤੀ ਤਬਾਹੀ ਕਾਰਨ ਪ੍ਰਭਾਵਿਤ ਦਾਣਿਆਂ ਦੀ ਖਰੀਦ ਮਾਪਦੰਡਾਂ ਵਿੱਚ ਤੁਰੰਤ ਰਿਆਇਤ ਦਿੱਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਮੰਡੀ ਵਿੱਚ ਨੁਕਸਾਨ ਨਾ ਝੱਲਣਾ ਪਵੇ, ਹੜ੍ਹ ਨਾਲ ਨੁਕਸਾਨੇ ਘਰਾਂ, ਪਸ਼ੂਆਂ ਅਤੇ ਸੜਕਾਂ ਦੀ ਮੁਰੰਮਤ ਲਈ ਵਿਸ਼ੇਸ਼ ਰਾਹਤ ਫੰਡ ਜਾਰੀ ਕੀਤਾ ਜਾਵੇ ।ਇਸ ਮੌਕੇ ਅੰਗਰੇਜ ਸਿੰਘ, ਗੁਲਬਰਗ ਸਿੰਘ, ਬਲਵੰਤ ਸਿੰਘ, ਗੁਰਜੀਤ ਸਿੰਘ, ਜਸਬੀਰ ਸਿੰਘ ,ਇੰਦਰਪ੍ਰਤਾਪ ਸਿੰਘ ਵੇਰਕਾ, ਹਰਕਵਲ ਸਿੰਘ ਕੋਹਲੀ, ਗੁਰਸ਼ਰਨ ਸਿੰਘ ਆਦਿ ਹਾਜਰ ਸਨ।

29 ਅਕਤੂਬਰ ਬਰਸੀ 'ਤੇ ਵਿਸ਼ੇਸ਼

# ਗੁਰਬਾਣੀ ਦੇ ਟੀਕਾਕਾਰ ਪ੍ਰੋ: ਸਾਹਿਬ ਸਿੰਘ ਨੂੰ ਯਾਦ ਕਰਦਿਆਂ

ਭਗਵਾਨ ਸਿੰਘ ਜੌਹਲ



ਆਪਣੀ ਧੁੰਨ ਦੇ ਪੱਕੇ ਨਿਸ਼ਠਾਵਾਨ ਅਤੇ ਆਪਣੇ ਕਾਰਜ ਨੂੰ ਸਮਰਪਿਤ ਵਿਦਵਾਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ।ਪ੍ਰੋ: ਸਾਹਿਬ ਸਿੰਘ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਪਾਵਨ ਗੁਰਬਾਣੀ ਦੀ ਅਰਥਾਂ ਸਹਿਤ ਵਿਆਖਿਆ, ਟੀਕਾਕਾਰੀ ਅਤੇ ਗੁਰਬਾਣੀ ਵਿਆਕਰਣ 'ਤੇ ਨਿੱਠ ਕੇ ਸਖ਼ਤ ਘਾਲਣਾ ਘਾਲੀ ।ਅੱਜ ਵੀ ਪ੍ਰੋ: ਸਾਹਿਬ ਸਿੰਘ ਹੋਰਾਂ ਨੂੰ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦੇ ਹਨ ।ਪ੍ਰੋ: ਸਾਹਿਬ ਸਿੰਘ ਦਾ ਜਨਮ ਫੱਤੇਵਾਲੀ ਜ਼ਿਲ੍ਹਾ ਸਿਆਲਕੋਟ (ਲਹਿੰਦੇ ਪੰਜਾਬ) ਵਿੱਚ ਪਿਤਾ ਭਾਈ ਹੀਰਾ ਚੰਦ ਅਤੇ ਮਾਤਾ ਨਿਹਾਲ ਦੇਵੀ ਦੇ ਘਰ 16 ਫ਼ਰਵਰੀ, 1892 ਈ: ਨੂੰ ਹੋਇਆ ।ਭਾਈ ਹੀਰਾ ਚੰਦ ਨੂੰ ਰੋਜ਼ੀ-ਰੋਟੀ ਖਾਤਰ ਆਪਣਾ ਪਿੰਡ ਛੱਡ ਕੇ ਬਰਪਾਲ ਪਿੰਡ ਵਿੱਚ ਨਿਵਾਸ ਕਰਨਾ ਪਿਆ ।ਇਸੇ ਪਿੰਡ ਦੇ ਨੇੜੇ ਕਸਬਾ ਫਤਹਿਗੜ੍ਹ ਤੋਂ ਪ੍ਰੋ: ਸਾਹਿਬ ਸਿੰਘ ਨੇ ਅੱਠਵੀਂ ਦਾ ਇਮਤਿਹਾਨ ਪਾਸ ਕੀਤਾ । ਦੱਸਵੀਂ ਪਾਸ ਕਰਨ ਲਈ ਪਸਰੂਰ ਦੇ ਹਾਈ ਸਕੂਲ ਵਿੱਚ ਦਾਖਲਾ ਪ੍ਰਾਪਤ ਕੀਤਾ ।ਪ੍ਰੋ: ਸਾਹਿਬ ਸਿੰਘ ਦਾ ਨਾਂਅ ਅੰਮ੍ਰਿਤਪਾਨ ਕਰਨ ਤੋਂ ਪਹਿਲਾਂ ਨੱਥੂ ਰਾਮ ਸੀ ।ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਹੀਰਾ ਚੰਦ ਦਾ ਇਹ ਸਪੁੱਤਰ ਹੁਣ ਸਾਹਿਬ ਸਿੰਘ ਬਣ ਗਿਆ ।ਪ੍ਰੋ: ਸਾਹਿਬ ਸਿੰਘ ਨੇ ਨੌਵੀਂ ਸ਼ ਰੇਣੀ ਤੋਂ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ । ਦੱਸਵੀਂ ਤੋਂ ਪਿੱਛੋਂ ਇਹ ਨੌਜਵਾਨ ਅਗਾਂਹ ਨਹੀਂ ਪੜ੍ਹ ਸਕਿਆ ਕਿਉਂਕਿ ਪਿਤਾ ਜੀ ਦਾ ਸਾਇਆ 15 ਸਾਲ ਦੀ ਉਮਰ ਵਿੱਚ ਸਿਰ ਤੋਂ ਉੱਠ ਗਿਆ ।ਪਿਤਾ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਘਰ ਵਿੱਚ ਆਰਥਿਕ ਤੰਗੀ ਵੱਧ ਗਈ ।ਇਸ ਕਰਕੇ ਕੁਝ ਸਮੇਂ ਲਈ ਡਾਕਖਾਨੇ ਅਤੇ ਸਕੂਲ ਵਿੱਚ ਨੌਕਰੀ ਕਰਨੀ ਪਈ ।ਪਰ ਪੜ੍ਹਾਈ ਵਿੱਚ ਪ੍ਰਬਲ ਰੁਚੀ ਹੋਣ ਕਰਕੇ ਨੌਕਰੀ ਛੱਡ ਕੇ ਫਿਰ ਪੜ੍ਹਨਾ ਸ਼ੁਰੂ ਕਰ ਦਿੱਤਾ ।1913 ਵਿੱਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਐੱਫ਼ ਏ।ਅਤੇ 1915 ਵਿੱਚ ਗੌਰਮਿੰਟ ਕਾਲਜ ਲਾਹੌਰ ਤੋਂ ਬੈਚੂਲਰ ਦੀ ਡਿਗਰੀ ਪ੍ਰਾਪਤ ਕੀਤੀ ।ਆਪ ਦੀ ਪਹਿਲੀ ਨਿਯੁਕਤੀ ਖਾਲਸਾ ਹਾਈ ਸਕੂਲ ਫਾਰੂਕਾ ਵਿਖੇ ਬਤੌਰ ਅਧਿਆਪਕ ਵਜੋਂ ਹੋਈ ।ਇਸ ਤੋਂ ਪਿੱਛੋਂ 1917 ਈ: ਵਿੱਚ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਲੈਕਚਰਾਰ ਨਿਯੁਕਤ ਹੋਏ ।1921 ਈ: ਵਿੱਚ ਨਵੀਂ ਬਣੀ ਸ਼ ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸੁਪਰਡੈਂਟ ਅਤੇ ਮੀਤ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ ।ਸ਼ ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਕੁਝ ਸਾਲ ਸੇਵਾ ਨਿਭਾਉਣ ਤੋਂ ਬਾਅਦ 1929 ਈ: ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਧਰਮ ਅਧਿਐਨ ਦੇ ਲੈਕਚਰਾਰ ਨਿਯੁਕਤ ਹੋਏ ।ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਲਗਾਤਾਰ 23-24 ਸਾਲ ਹਜ਼ਾਰਾਂ ਵਿੱਦਿਆਰਥੀਆਂ ਨੂੰ ਸਿੱਖ ਧਰਮ ਦਾ ਡੂੰਘਾ ਅਧਿਐਨ ਕਰਵਾਇਆ ।ਜਦੋਂ 1952 ਵਿੱਚ ਦੇਸ਼ ਦੀ ਅਜ਼ਾਦੀ ਪਿੱਛੋਂ ਖਾਲਸਾ ਕਾਲਜ ਤੋਂ ਸੇਵਾ ਮੁਕਤ ਹੋਏ ਤਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਨਿਯੁਕਤ ਹੋਏ ।ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਦੌਰਾਨ ਗ੍ਰਿਫਤਾਰ ਹੋ ਕੇ ਜੇਲ੍ਹ ਯਾਤਰਾ ਵੀ ਕੀਤੀ ।ਪ੍ਰੋ: ਸਾਹਿਬ ਸਿੰਘ ਹੋਰਾਂ ਉੱਘੇ ਸਿੱਖ ਚਿੰਤਕ ਤੇ ਪੰਜਾਬੀ ਦੇ ਉੱਘੇ ਵਾਰਤਾਕਾਰ ਪ੍ਰਿੰਸੀਪਲ ਜੋਧ ਸਿੰਘ ਦੇ ਪ੍ਰਭਾਵ ਨੂੰ ਕਬੂਲਦਿਆਂ ਗੁਰਬਾਣੀ ਦੀ ਵਿਆਖਿਆ ਕਰਨੀ ਸ਼ੁਰੂ ਕੀਤੀ ।ਵਿਆਖਿਆ ਵਿੱਚ ਰੁਚੀ ਹੋਣ ਕਰਕੇ 1929 ਵਿੱਚ ਗੁਰਬਾਣੀ ਵਿਆਕਰਣ ਪੁਸਤਕ ਦੀ ਪ੍ਰਕਾਸ਼ਨਾ ਕਰਵਾਈ ।ਇਸ ਪੁਸਤਕ ਨੂੰ ਸਿੱਖ ਵਿਦਵਾਨਾਂ, ਗੁਰਬਾਣੀ ਦੇ ਖੋਜੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ।ਵਿਆਕਰਣ ਦੀ ਰੌਸ਼ਨੀ ਵਿੱਚ ਵੱਖ-ਵੱਖ ਬਾਣੀਆਂ ਦੇ ਟੀਕੇ ਵੀ ਲਿਖੇ। ਇਸ ਤੋਂ ਪਿੱਛੋਂ ਇਨ੍ਹਾਂ ਸਾਰੇ ਟੀਕਿਆਂ ਨੂੰ ਲੈ ਕੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਸ੍ਰੀ ਗੁਰੂ ਸਾਹਿਬ ਦਰਪਨ ਦੱਸ ਭਾਗਾਂ ਵਿੱਚ ਲਿਖ ਕੇ 1962 ਤੋਂ 1964 ਈ: ਤੱਕ ਇਸ ਦੇ ਪ੍ਰਕਾਸ਼ਨ ਦਾ ਮਹਾਨ ਕਾਰਜ ਕੀਤਾ ।ਪ੍ਰੋ: ਸਾਹਿਬ ਨੇ ਦੂਸਰਾ ਵੱਡਾ ਕਾਰਜ 14 ਪੁਸਤਕਾਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਗੁਰਬਾਣੀ ਸਬੰਧੀ ਖੋਜ ਭਰਪੂਰ ਲੇਖ ਸੰਗ੍ਰਿਹ ਵਜੋਂ ਛਾਪ ਕੇ ਪਾਠਕਾਂ ਦੀ ਝੋਲੀ ਪਾਈਆਂ ।ਸਾਂਝੇ ਪੰਜਾਬ ਵਿੱਚ ਪੈਪਸੂ ਦੀ ਸਰਕਾਰ ਵੱਲੋਂ 1952 ਈ: ਵਿੱਚ ਇਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।1970 ਈ: ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰੋ: ਸਾਹਿਬ ਨੂੰ ਫੈਲੋਸ਼ਿੱਪ ਦੇ ਕੇ ਮਾਣ ਦਿੱਤਾ ਗਿਆ ।ਉਨ੍ਹਾਂ ਦੀਆਂ ਕਈ ਪੁਸਤਕਾਂ ਨੂੰ ਵੀ ਸਨਮਾਨ ਪ੍ਰਾਪਤ ਹੋਏ। ਗੁਰਬਾਣੀ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਵਿੱਚ ਆਪਣੀ ਨਿਵੇਕਲੀ ਤੇ ਵੱਖਰੀ ਪਛਾਣ ਰੱਖਣ ਵਾਲਾ ਗੁਰਮਤਿ ਖੋਜੀ ਸਾਹਿਤਕਾਰ 29 ਅਕਤੂਬਰ 1977 ਨੂੰ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਿਆ ।



# मानवता के गुरु : श्री गुरु नानक देव जी



श्री गुरु नानक देव जी का धरती पर आना अर्थात् जन्म लेना विश्व के धार्मिक इतिहास में एक महत्त्वपूर्ण घटना मानी जाती है. क्योंकि इस प्रकाश पंज ने संसार में जिन सिद्धांतों, रीति-रिवाजों, उसूलों तथा औपचारिकताओं का प्रचार किया, वे समूचे मानव समाज के कल्याण के साथ जुड़ी हई हैं। गुरु साहिब ने अपनी मीठी बाणी के द्वारा और प्यार भरे शब्दों से लोगों के मन को निर्मल और स्वच्छ किया। यह भी कहा जा सकता है कि उनका सर्व मानवीय मिशन एक सुंदर फूल की तरह संसार में खिला, जिसने अपनी मनमोहक सुगंध के द्वारा सारे वातावरण को सुगंधित बनाकर रख दिया। उन्होंने अपनी अलौकिक बाणी द्वारा दलीलें (तर्क) देकर जनता को अंधविश्वास, भ्रमजाल आदि के कुप्रभावों से जागरूक करते हुए मात्र एक परमात्मा की पूजा करने का उपदेश दिया।

एक ओर तो मनुष्य का सम्बंध अकाल पुरख के साथ जोड़ा, दूसरी ओर समाज में बराबरी के आधार पर समानता और एकता लाने का उपदेश देकर मानव समाज में एक मनुष्य को दूसरे मनुष्य के करीब लाने के लिए ठोस प्रयत्न किए, ताकि समाज में बिना किसी भेदभाव के भाईचारे की भावना पैदा हो जाये तथा आपसी स्नेह और भी बढ़ता रहे। सबसे अधिक इस भावना की उस समय आवश्यकता इसलिए भी थी क्योंकि उस समय समाज में धर्मकी मूल भावना लुप्त हो चुकी थी :

कलि काती राजे कासाई धरमु पंख करि उड़रिआ ॥कूड अमावस सचु चंद्रमा दीसै नाही कह चड़िआ ॥(१४५)

बाबर के आक्रमण के समय जो अत्याचार हुए उन्होंने मानवीय जीवन को खौफनाक ढंग में बदलकर पशु जीवन में बदल दिया। प्रशासनिक लोग जनसाधारण से घूस लेकर उनके अधिकारों को नष्ट करने में तनिक भी नहीं झिझकते थे। यही नहीं, जात-पात में बंटे लोग कई प्रकार की ज्यादतियों का शिकार हो रहे थे। हर ओर जुल्म, अत्याचार और अन्याय के प्रहार होना एक साधारण-सी बात समझी जाने लगी थी।

ऐसे घिनौने और डरावने वातावरण की पृष्ठभूमि में किसी पूर्ण मनुष्य की ओर से कौम को दोबारा जीवित करना, उसके मनोबल को कायम करना, बेहतरीन मानव-मूल्यों को जनसमूह में संचित करके मनुष्य-मात्र को धर्म की छत्र-छाया में लाना एक ऐसा कारनामा था, जिसे पूरा करना खाला जी का वाड़ा नहीं था, परंतु बलिहारे जायें श्री गुरु नानक देव जी पर, जिन्होंने यह बीड़ा उठाया और इसमें हैरानकुन सफलता प्राप्त की। उन्होंने सबको बांटकर खाना, धर्म की कमाई करना, परिश्रम करना, नाम का जाप करना और सबका भला मांगना आदि उपदेश ही नहीं दिये, बल्कि स्वयं इन बातों का आचरण कर एक आदर्श कायम करके दिखाया। जात-पात के अहंकार से भरे लोगों को चेतावनी दी कि इस बात का कोई महत्त्व नहीं कि तुम 'उच्च जाति' या 'ऊंचे खानदान' में पैदा हुए हो, फैसला तो तुम्हारे किये कामों केअनुसार ही होगा :

सा जाति सा पति है जेहे करम कमाइ ॥जनम मरन दुख काटीऐ नानक छूटसि नाइ ॥(१३३०)

गुरु जी ने समझाया है कि धन प्राप्त करने के लिए मनुष्य घटिया हरकतों तक आ जाता है; इखलाक, सदाचार और धार्मिक उपदेशों को ताक पर रखकर धन प्राप्ति हेतु नीच हथकंडे अपनाता है, जबकि यह धन साथ नहीं जाता, यहीं धरा रह जाता है :

इसु जर कारणि धणी विगुती इनि जर घणीखुआई ॥पापा बाझहु होवै नाही मुझ्आ साथि न जाई ॥(४१७)

मनुष्य द्वारा की गई कमाई नेक तौर पर किये परिश्रम और सच्चाईपूर्ण व्यवहार पर निर्भर करती है। ऐसी कमाई में से फिर बांटकर खाना है, ताकि कोई भूखा न रहे :

घालि खाइ किछु हथहु देइ॥नानक राहु पछाणहि सेइ॥(१२४५)

धन-प्राप्ति के काम में लूट-खसूट तथा दूसरों के अधिकारों को निगल जाने और उनसे दूर रहने के लिए सख्त चेतावनी देते हुए गुरुजी ने फरमाया है:

हकु पराइआ नानका उसु सूअर उसु गाइ ॥ गुरु पीरु हामा ता भरे जा मुरदारु न खाइ ॥ ( १४१)

श्री गुरु नानक देव जी का उपदेश किसी एक ही जाति, धर्म के लिए नहीं बल्कि हिंदू-मुसलमान सबके लिए है। वे हिंदुओं को अच्छा हिंदू बनने के लिए और मुसलमानों को अपने विश्वास के अनुसार जीवन व्यतीत करने का संदेश देते हैं। मक्का के हाजियों द्वारा यह पूछने पर कि हिंदू अच्छे हैं या मुसलमान, तो आपने फरमाया :

बाबा आले हाजीआ सुभि अमला बाझहु दोनो रोई। हिंदू मुसलमान दुइ दरगह अंदरि लहनि न ढोई।(वार १:३३)

उनकी दृष्टि में अकाल पुरख को प्राप्त करने के लिए मानव-व्यवहार का शुद्ध होना जरूरी है। सच्चाई का मेल सच्चाई से ही हो सकता है। सदाचार, शुभ कर्म अच्छे मानवीय जीवन की मुख्य आवश्यकताएं हैं। इस विषय पर गुरु जी ने फरमाया है-- "सचहु ओरै सभु को उपरि सचु आचारु ॥"असलियत यह है कि श्री गुरु नानक देव जी का मार्ग सच्चाई का मार्ग है, प्रेम का मार्ग है। आचार में सच्चाई, व्यवहार में सच्चाई, सदाचार में सच्चाई, किरदार में सच्चाई, इंसाफ में सच्चाई वार्तालाप में सच्चाई, राजनीति में सच्चाई, तात्पर्य यह कि सच्चाई के बिना सब कार्य फोकट अथवा अधूरे होते हैं। उन्होंने सच बोलना और सच पर आधारित जीवन-यापन का तरीका स्वयं सच्चा जीवन व्यतीत करके बताया, भले ही ऐसा करने से मलिक भागो नाराज़ हुआ या बाबर गुस्से हुआ। सच के साथ सुमेल करके जीवन की तलखिओं और बुराइयों को गहरी चोट मारी है और उनमें से मूल गुणों के सुमेल वाले जीवन-सिद्धांत के कारण ऐसे मनुष्य का निर्माण आरंभ हो गया जिसे श्री गुरु गोबिंद सिंघ जी के समय पूर्णता प्राप्त हुई।श्री गुरु नानक देव जी ने जीवन के हर पहलू पर लामिसाल प्रवचन हमारे समक्ष रखकर मानव जीवन को इखलाकी तौर पर मालामाल कर दिया। जीवन में सदियों से फैले भ्रमों, गलत रीति-रिवाजों, व्यर्थ के कर्मकांडों को दूर करने के लिए उन्होंने इंकलाबी कार्य किये। अपने विचारों को लोगों तक पहुंचाने के लिए 'प्रेम' और 'नाम' की महिमा का संदेश देने के लिए उन्होंने लंबी-लंबी प्रचार यात्राएं कीं, भिन्न-भिन्न धर्मों के तीर्थ-स्थानों पर गये, बड़े-बड़े ऋषियों-मुनियों के साथ विचार-विमर्श करके उन्हें अपने विचारों के साथ सहमत किया। उन्होंने मनुष्य-मात्र को समझाया कि यह संसार सच्चे प्रभु की धर्मशाला है, जिसमें मनुष्य को कर्मयोगी की भूमिका निभाने के लिए भेजा गया है, अतः अपने कर्त्तव्य और मूल की पहचान करके अपने मूल स्रोत के साथ एक होने के लिए नेक कमाई करते हुए सेवा और प्रभु का नाम जपने का कर्म करो। सुच्चे मोतियों जैसे अपने अनमोल विचारों को सरल भाषा में लोगों तक पहुंचाने के लिए उन्होंने दो साथी- भाई मरदाना जी और भाई बाला जी अपने साथ रखे।संक्षेप में कहा जा सकता है श्री गुरु नानक देव जी के संसार में आने से मानवता को अच्छा जीवन व्यतीत करने का ढंग आया, क्योंकि उन्होंने मानवीय जीवन के हर क्षेत्र को अपनी अद्वितीय विचारधारा, व्यवहारिक शिक्षा, लाभदायक उपदेश और आध्यात्मिक दौलत से भरपूर किया।

यही कारण है कि उनके पवित्र वचन धर्मों और जातियों की सीमाओं को पार करके हर मनुष्य के मन पर प्रभाव डालने वाले बन गये। गुरु साहिब के लामिसाल जीवन-सिद्धांतों को भली प्रकार समझकर ही एक प्रसिद्ध शायर सर इकबाल ने उनके बारे में एक लंबी कविता लिखकर उनके प्रति अपना सत्कार प्रकट किया है।

कविता का अंतिम पद इस प्रकार है : फिर उठी आखिर सदा तौहीद की पंजाब से। हिंद को एक मर्द-ए-कामिल ने जगाया ख़्वाब से।श्री गुरु नानक देव जी की सारी अलौकिक बाणी श्री गुरु ग्रंथ साहिब में शोभायमान है, जो भिन्न-भिन्न रागों में दर्ज है। गुरु जी की बाणी असंख्य प्राणियों को मन की गरीबी, अहंकार की निवृत्ति, बुद्धि व्यवहार की स्वच्छता और मन की एकाग्रता निवाजती हुई आत्मिक शांति और आनंद प्रदान करके उनको अकाल पुरख के साथ जोड़ती है :"गुरु नानक सभ के सिरताजा। जिस सिमरे सरे सभ काजा।"

-डॉ. सरूप सिंघ

# ਮਨੁੱਖੀ ਬਰਾਬਰੀ (ਗੁਰਮਤਿ ਦਾ ਇਕ ਅਹਿਮ ਮੁੱਦਾ)

ਬਰਾਬਰੀ, ਗੁਰਮਤਿ ਦੇ ਮੂਲ-ਮੁੱਦਿਆਂ ਵਿਚੋਂ ਇਕ ਅਹਿਮ ਮੁੱਦਾ ਹੈ, ਜਿਸ ਨੇ ਸੰਸਾਰ ਵਿਚੋਂ ਹਰ ਤਰ੍ਹਾਂ ਦੇ ਵੰਡ-ਵਿਤਕਰੇ ਖ਼ਤਮ ਕਰਕੇ ਇਕ ਆਦਰਸ਼ ਸਮਾਜ ਦੀ ਸਿਰਜਨਾ ਕਰਨੀ ਹੈ ।ਅਜੋਕੇ ਸਮੇਂ ਭਾਵੇਂ ਦੁਨੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਘਿਰੀ ਹੋਈ ਹੈ, ਪਰ ਮਨੁੱਖਤਾ ਵਿਚ ਪਈਆਂ ਵੰਡੀਆਂ ਦੀ ਸਮੱਸਿਆ ਹਮੇਸ਼ਾ ਹੀ ਇਕ ਵੱਡੀ ਸਮੱਸਿਆ ਰਹੀ ਹੈ ਤੇ ਅਜੇ ਵੀ ਵਿਕਰਾਲ ਰੂਪ ਵਿਚ ਮੂੰਹ ਅੱਡੀ ਖਲੋਤੀ ਹੈ।ਜੇਕਰ ਦੁਨੀਆਂ ਤੋਂ ਮਨੁੱਖੀ ਵੰਡੀਆਂ ਮਿਟਾਉਣੀਆਂ ਹਨ ਤਾਂ ਜ਼ਰੂਰੀ ਹੈ ਕਿ ਪਹਿਲਾਂ ਸਿੱਖ ਪੰਥ ਆਪਣੇ ਵਿਚੋਂ ਇਹ ਵੰਡੀਆਂ ਮਿਟਾਵੇ।ਆਓ ਵੇਖੀਏ ਕਿ ਗੁਰੂ ਸਾਹਿਬਾਨ ਨੇ ਮਨੁੱਖੀ ਬਰਾਬਰੀ ਅਤੇ ਇਨਸਾਫ ਦਾ ਪ੍ਰਤੀਕ ਖਾਲਸਾ ਸਾਜਣ ਲਈ, ਇਹ ਮਨੁੱਖੀ ਵੰਡੀਆਂ ਕਿਵੇਂ ਮਿਟਾਈਆਂ ਸਨ ?

ਜਿਸ ਧਰਤੀ ਉਪਰ ਖਾਲਸਾ ਸਾਜਿਆ ਗਿਆ, ਉਥੇ ਮਨੁੱਖੀ ਵੰਡੀਆਂ ਦਾ ਇਕ ਅਜਿਹਾ ਗੁੰਝਲਦਾਰ ਆਧਾਰ ਵੀ ਮੌਜੂਦ ਸੀ ਜੋ ਦੁਨੀਆਂ ਦੇ ਬਾਕੀ ਹਿੱਸਿਆਂ ਵਿਚ ਨਹੀਂ ਸੀ ।ਮਨੁੱਖੀ ਵੰਡੀਆਂ ਦੇ ਇਸ ਅਖੌਤੀ ਧਾਰਮਕ ਆਧਾਰ (ਵਰਣ ਵਿਵਸਥਾ) ਦਾ ਵਿਸ਼ਲੇਸ਼ਣ ਗੁਰੂ ਸਾਹਿਬ ਨੇ ਇਸ ਤਰ੍ਹਾਂ ਕੀਤਾ :

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥
(ਅੰਗ ੧੩੫੩)

ਇਨ੍ਹਾਂ ਵਰਣ ਵੰਡੀਆਂ ਦੀ ਜੇਕਰ ਵਿਆਖਿਆ ਕੀਤੀ ਜਾਵੇ ਤਾਂ ਇਕ ਵੱਡੀ ਕਿਤਾਬ ਲਿਖੀ ਜਾ ਸਕਦੀ ਹੈ ।ਪਰ ਸੰਖੇਪ ਵਿਚ ਦੱਸਿਆ ਜਾ ਸਕਦਾ ਹੈ ਕਿ ਹਿੰਦੁਸਤਾਨ ਦੀ ਧਰਤੀ ’ਤੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦਾ ਨਾਮ ਦੇ ਕੇ ਸਮਾਜ ਵਿਚ ਪਾਈਆਂ ਗਈਆਂ ਚਾਰ ਪ੍ਰਮੁਖ ਵੰਡੀਆਂ ਦਾ ਕਾਰਨ ਇਹ ਦੱਸਿਆ ਗਿਆ ਸੀ ਕਿ ਬ੍ਰਾਹਮਣ ਬ੍ਰਹਮ ਦੇ ਮੂੰਹ ਵਿਚੋਂ ਪੈਦਾ ਹੋਏ ਹਨ ਇਸ ਲਈ ਸਰਵ ਉਤਮ ਹਨ, ਖੱਤਰੀ ਬ੍ਰਹਮ ਦੀਆਂ ਭੁਜਾਵਾਂ ਵਿਚੋਂ ਪੈਦਾ ਹੋਣ ਕਾਰਨ ਦੂਜੇ ਨੰਬਰ ’ਤੇ ਹਨ, ਬ੍ਰਹਮਾ ਦੇ ਪੇਟ ਵਿਚੋਂ ਪੈਦਾ ਹੋਏ ਵੈਸ਼ ਦਾ ਨੰਬਰ ਤੀਜਾ ਹੈ ਅਤੇ ਸਭਤੋਂ ਨੀਵੇਂ ਸ਼ੂਦਰ ਹਨ ਜੋ ਬ੍ਰਹਮ ਦੇ ਪੈਰਾਂ ਤੋਂ ਪੈਦਾ ਹੋਏ ਹਨ ।ਬ੍ਰਾਹਮਣ ਦੇ ਹਿੱਸੇ ਧਰਮ ਕਰਮ ਦਾ ਕੰਮ, ਖੱਤਰੀਆਂ ਦੇ ਹਿੱਸੇ ਸਮਾਜਕ ਰਾਖੀ, ਵੈਸ਼ ਦੇ ਹਿੱਸੇ ਵਣਜ ਵਪਾਰ, ਖੇਤੀਬਾੜੀ ਅਤੇ ਸੂਦਰ ਦੇ ਹਿੱਸੇ ਸਮਾਜ ਦੇ ਸਭ ਤੋਂ ਘਟੀਆ ਸਮਝੇ ਜਾਂਦੇ ਕੰਮਾਂ ਤੋਂ ਇਲਾਵਾ ਬਾਕੀ ਤਿੰਨਾਂ ਹੀ ਵਰਣਾਂ ਦੀ ਨਿਸ਼ਕਾਮ ਸੇਵਾ ਦੀ ਜ਼ਿੰਮੇਵਾਰੀ ਲਗਾਈ ਗਈ।ਇਸ ਵਿਤਕਰੇ ਭਰੀ ਵਰਣਵੰਡ ਦੀ ਉਲੰਘਣਾ ਨੂੰ ਰੱਬੀ ਹੁਕਮ ਦੀ ਉਲੰਘਣਾ ਦੱਸ ਕੇ ਇਸ ਵੰਡ ਨੂੰ ਪੱਕਾ ਕੀਤਾ ਗਿਆ ।ਮਨੁੱਖੀ ਵੰਡੀਆਂ ਅਤੇ ਬੇਇਨਸਾਫੀ ਮਿਟਾਉਣ ਲਈ ਆਏ ਗੁਰੂ ਸਾਹਿਬਾਨ ਨੇ ਇਨ੍ਹਾਂ ਵੰਡੀਆਂ ਵਿਰੁੱਧ ਚੇਤਨਾ ਦੀਆਂ ਕਿਰਨਾਂ ਬਿਖੇਰਨੀਆਂ ਆਰੰਭੀਆਂ :

ਚਾਰੇ ਵਰਨ ਆਖੈ ਸਭੁ ਕੋਈ ॥ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥
( ਅੰਗ ੧੧੨੮)

ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਨਿਆ ॥
ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਨਿਆ ॥ (ਅੰਗ੧੧੯)
- ਏਕੁ ਪਿਤਾ ਏਕਸ ਕੇ ਹਮ ਬਾਰਿਕ, (ਅੰਗ ੧੧੧)

ਇਨ੍ਹਾਂ ਗਿਆਨ ਦੀਆਂ ਰਿਸ਼ਮਾਂ ਨੇ ਜਿਹੜੇ ਸ਼ਰਧਾਲੂ ਮਨਾਂ ਵਿਚੋਂ ਹਨ੍ਹੇਰੇ ਦਾ ਨਾਸ਼ ਕੀਤਾ ਉਹ ‘ਗੁਰਸਿੱਖ ਬਣ ਗਏ ਤੇ ਗੁਰੂ ਸਾਹਿਬਾਨ ਗੁਰਸਿੱਖਾਂ ਦੇ ਕਾਫਲੇ ਨੂੰ ਸੇਧ ਬਖਸ਼ਿਸ਼ ਕਰਨ ਲੱਗੇ । ਜਦੋਂ ਇਸ ਕਾਫਲੇ ਦੀ ਦਸ਼ਾ ਹੀ ਇਹ ਬਣ ਗਈ :

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥
(ਅੰਗ ੧੧੯੮)

ਤਾਂ ਇਨ੍ਹਾਂ ਨੂੰ ਖਾਲਸੇ ਦਾ ਰੂਪ ਦੇ ਦਿੱਤਾ ਗਿਆ ।ਖਾਲਸੇ ਦੀ ਸਥਾਪਨਾ ਉਪਰੰਤ ਘੜੇ ਗਏ ਹੇਠਾਂ ਦਿੱਤੇ ਗਏ ਇਸ ਮੁੱਢਲੇ ਨਿਯਮ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਹੀ ਸੀ :

ਗੁਰੁ ਘਰ ਜਨਮ ਤੁਮਾਰੇ ਹੋਏ ।ਪਿੱਛਲੇ ਜਾਤਿ ਵਰਣ ਸਬ ਖੋਏ ।
ਚਾਰ ਵਰਣ ਕੇ ਏਕੋ ਭਾਈ ।ਧਰਮ ਖਾਲਸਾ ਪਦਵੀ ਪਾਈ।
ਹਿੰਦੁ ਤੁਰਕ ਤੈ ਆਹਿ ਨਿਆਰਾ ।ਸਿੰਘ ਮਜ਼ਬ ਅਬ ਤੁਮ ਨੇ ਧਾਰਾ
(ਪੰਥ ਪ੍ਰਕਾਸ਼, ਐਡੀਃ ਚੌਥੀ, ਕ੍ਰਿਤ ਗਿਆਨੀ ਗਿਆਨ ਸਿੰਘ, ਅਧਿਃ ੧੬)

ਇਸ ਵਰਣ ਵੰਡ ਤੋਂ ਇਲਾਵਾ ਇਕ ਵੰਡ ਹੋਰ ਵੀ ਹੈ, ਜੋ ਕਿ ਸਾਰੀ ਦੁਨੀਆਂ ਲਈ ਹੀ ਇਕ ਸਮੱਸਿਆ ਹੈ ।ਗੁਰੂ ਸਾਹਿਬਾਨ ਨੇ ਉਸ ਵੰਡ ਨੂੰ ਵੀ ਵਰਣ ਵੰਡ ਦੇ ਨਾਲ ਹੀ ਮਹਿਸੂਸ ਕਰ ਲਿਆ ਸੀ ਅਤੇ ਸਭ ਤੋਂ ਪਹਿਲਾਂ ਉਸ ਦਾ ਵਿਸ਼ਲੇਸ਼ਣ ਕੀਤਾ ਸੀ :

ਜਉ ਨਿਰਧਨੁ ਸਰਧਨ ਕੈ ਜਾਇ ॥
ਆਗੇ ਬੈਠਾ ਪੀਠਿ ਫਿਰਾਇ ॥ਜਉ ਸਰਧਨੁ ਨਿਰਧਨ ਕੈ ਜਾਇ ॥
ਦੀਆ ਆਦਰੁ ਲੀਆ ਬੁਲਾਇ ॥(ਅੰਗ ੧੧੫੯)

ਇਸ ਵਿਤਕਰੇ ਭਰੀ ਵੰਡੀ ਨੂੰ ਅਸੀਂ ਅਮੀਰ-ਗਰੀਬ ਦੀ ਵੰਡੀ ਕਹਿੰਦੇ ਹਾਂ ।ਇਥੇ ਗੁਰੂ ਸਾਹਿਬ ਨੇ ਇਸ ਗੱਲ ਦਾ ਪੂਰਾ ਖਿਆਲ ਰੱਖਿਆ ਕਿ ਕਿਤੇ ਗਰੀਬ ਦੀ ਗਰੀਬੀ ਦਾ ਕਾਰਨ, ਉਸ ਦਾ ਆਪਣਾ ਆਲਸ ਹੀ ਨਾ ਹੋਵੇ ? ਇਸ ਲਈ ਉਦਮ ਕਰਨ ਲਈ ਵਿਸ਼ੇਸ਼ ਹਦਾਇਤ ਦਿੱਤੀ ਗਈ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
(ਅੰਗ ੧੨੨)

ਪਰ ਜੇਕਰ ਗਰੀਬ ਦੀ ਗਰੀਬੀ ਦਾ ਕਾਰਨ ਉਸ ਦਾ ਆਲਸ ਨਹੀਂ, ਸਗੋਂ ਸਰਮਾਏਦਾਰ ਦੀ ਲੁੱਟ ਹੈ, ਤਾਂ ਗੁਰੂ ਨਾਨਕ ਸਾਹਿਬ ਸਰਮਾਏਦਾਰ ਨੂੰ ਤਾੜਨਾ ਕਰਦੇ ਹਨ ਕਿ ਉਹ ਮਨੁੱਖੀ ਖ਼ੂਨ ਪੀਣ ਵਾਲਾ ਦਰਿੰਦਾ ਹੈ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥
(ਅੰਗ ੧੪੦)

ਗੁਰੂ ਸਾਹਿਬਾਂ ਨੇ ਇਹ ਵੀ ਤਾੜਨਾ ਕੀਤੀ ਕਿ ਬਹੁਤਾ ਧਨ ਜੋੜ ਕੇ ਕਾਲ ਚੱਕਰ ਤੋਂ ਬਚਿਆ ਨਹੀਂ ਜਾ ਸਕਦਾ, ਉਹ ਅਮੀਰ ਨੂੰ ਵੀ ਉਸੇ ਹੀ ਤਰ੍ਹਾਂ ਮਾਰਦਾ ਹੈ ਜਿਵੇਂ ਗਰੀਬ (ਨਿਰਧਨ) ਨੂੰ :

ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥
(ਅੰਗ ੧੫੫)

ਅਤੇ ਮਰਨ ਉਪਰੰਤ ਨਿਬੇੜਾ ਧਨ ਦੌਲਤ ਦੇ ਆਧਾਰ ’ਤੇ ਨਹੀਂ ਹੁੰਦਾ; ਉਥੇ ਨਾਮ ਧਨ ਦੀ ਪੂੰਜੀ ਦੀ ਲੋੜ ਹੈ ਅਤੇ ਇਹ ਪੂੰਜੀ ਜਮ੍ਹਾਂ ਕਰਨ ਲਈ ਗੁਰੂ ਦੀ ਲੋੜ ।ਪਰ ਗੁਰੂ ਦੀ ਪਹਿਲੀ ਸ਼ਰਤ ਹੀ ਇਹ ਸੀ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (ਅੰਗ ੧੪੧)

ਇਸ ਹਕੀਕਤ ਨੂੰ ਇਤਿਹਾਸ ਦੀਆਂ ਪਰਤਾਂ ਵਿਚੋਂ ਮਨਫੀ ਨਹੀਂ ਕੀਤਾ ਜਾ ਸਕਦਾ ਕਿ ਵਰਣ ਵੰਡ ਦੇ ਨਾਲ ਹੀ ਅਮੀਰ ਗਰੀਬ ਦੀ ਇਸ ਦੂਸਰੀ ਵੰਡ ਦਾ ਵਿਤਕਰਾ ਵੀ ਗੁਰਸਿੱਖਾਂ ਅੰਦਰੋਂ ਕੱਢ ਦਿੱਤਾ ਗਿਆ ਸੀ।ਇਹੀ ਕਾਰਨ ਹੈ ਕਿ ਅਗਿਆਨਤਾ ਦੀ ਪੱਟੀ ਅੱਖਾਂ ’ਤੇ ਬੰਨ੍ਹੀ ਲੋਕਾਈ ਜਦੋਂ ਸਿੱਖ ਵਿਚਾਰਧਾਰਾ ਦੀ ਰੋਸ਼ਨੀ ਦੇ ਬਾਵਜੂਦ ਇਸ ਹਕੀਕੀ ਕੁਮਾਰਗ ’ਤੇ ਭਟਕਦੀ ਠੇਡੇ ਖਾ ਰਹੀ ਸੀ : ਨਿਰਧਨ ਆਦਰੁ ਕੋਈ ਨ ਦੇਇ ॥
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥(ਅੰਗ ੧੧੫੯)

ਤਾਂ ਉਦੋਂ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿਚ ਸਜਾਏ ਗਏ ਖਾਲਸਾ ਪੰਥ ਵਿਚਲੇ ਹਰ ਸਿੱਖ ਲਈ ਇਹ ਨਿਯਮ ਘੜਿਆ ਜਾ ਰਿਹਾ ਸੀ :

ਨਿਰਧਨ ਦੇਖਿ ਨ ਪਾਸਿ ਬਹਾਵਹਿ ।
ਸੋ ਤਨਖਾਹੀ ਮੂਲ ਕਹਾਵਹਿ ॥4॥
(ਤਨਖਾਹਨਾਮਾ ਭਾਈ ਨੰਦ ਲਾਲ)

ਕੇਵਲ ਇਥੇ ਹੀ ਬਸ ਨਹੀਂ, ਸਗੋਂ ਸਮੇਂ ਦੇ ਚੱਕਰ ਨਾਲ ਮਜ਼ਬੂਤ ਹੋ ਚੁਕੀ ਇਸ ਵੰਡ ਦੀ ਦੂਰੀ ਘਟਾਉਣ ਲਈ ਧਨਵਾਨ ਸਿੱਖਾਂ ਨੂੰ ਹਦਾਇਤ ਸੀ :

(ੳ) ਆਪ ਸਿੰਘ ਜੋ ਰਾਜਾ ਹੋਈ ।
ਨਿਰਧਨ ਸਿੰਘਨ ਪਾਲੈ ਸੋਈ ॥੪੦॥
ਨਿਰਧਨ ਖਾਲਸੇ ਨੇਹੁ ਲਗਾਵੈ ।ਧਨ ’ਬਾਜ਼ੀ ਦੇ ਪ੍ਰੀਤਿ ਬਢਾਵੈ ।
(ਰਹਿਤਨਾਮਾ ਭਾਈ ਦੇਸਾ ਸਿੰਘ)

(ਅ) ਹੋਂਦੇ ਬਲ ਅਰਥੀ ਸਿਖ ਗਰੀਬ ਦੀ ਗੌਰ ਨਾ ਕਰੈ
ਸੋ ਪੱਕਾ ਤਨਖਾਹੀਆ। (ਤਨਖਾਹਨਾਮਾ ਭਾਈ ਚਉਪਾ ਸਿੰਘ)

ਕਿਤੇ ਅਜਿਹੇ ਸਿਧਾਂਤਾਂ ਦੀ ਮੌਜੂਦਗੀ ਵਿਚ, ਨਿਰਧਨ ਸਿੱਖ ਆਲਸੀ ਨਾ ਹੋ ਜਾਣ, ਇਸ ਲਈ ਇਹ ਸਿਧਾਂਤ ਉਨ੍ਹਾਂ ਨੂੰ ਯਾਦ ਕਰਵਾਉਂਦਾ ਸੀ :

(ੲ) ਖੇਤੀ ਵਣਿਜ ਵ ਸਿਲਪ ਬਣਾਵੈ।
ਔਰ ਟਹਿਲ ਜੋ ਮਨ ਮੋ ਭਾਵੈ ।
ਦਿੜ੍ਹ ਹੁਈ ਸੋਇ ਕਾਰ ਕਮਾਵੈ।
ਚੋਰੀ ਡਾਕੇ ਕਬਹਿ ਨ ਜਾਵੈ ੨੪ ॥
(ਰਹਿਤਨਾਮਾ ਭਾਈ ਦੇਸਾ ਸਿੰਘ)

ਇਸ ਉਪਰੰਤ ਖਾਲਸੇ ਵੱਲੋਂ ਲੜੇ ਗਏ ਧਰਮ ਯੁੱਧ ਦੇ ਸਿੱਟੇ ਵਜੋਂ ਹੀ ਲੋਕਾਂ ਨੂੰ ਇਕ ਅਜਿਹੇ ਇਨਸਾਫ ਪਸੰਦ ਹਲੇਮੀ ਰਾਜ ਵਿਚ ਸਾਹ ਲੈਣ ਦਾ ਮੌਕਾ ਮਿਲਿਆ ਜਿਥੇ ਕਿਰਤੀ ਨੂੰ ਉਸ ਦੀ ਮਿਹਨਤ ਦਾ ਪੂਰਾ ਹੱਕ ਦਿੱਤਾ ਗਿਆ ਅਤੇ ਜਿਥੇ ਕਿਸੇ ਨੂੰ ’ਨੀਚ-ਨੀਚ’ ਕਹਿ ਕੇ ਦੁਰਕਾਰਿਆ ਨਹੀਂ ਸੀ ਜਾਂਦਾ ।ਕੀ ਅਜਿਹਾ ਕ੍ਰਿਸ਼ਮਾ ਗੁਰੂ ਗ੍ਰੰਥ ਸਾਹਿਬ ਵਿਚਲੇ ਮਨੁੱਖੀ ਬਰਾਬਰੀ ਦੇ ਸਿਧਾਂਤ ਨੂੰ ਅਪਣਾਏ ਬਿਨਾਂ ਸੰਭਵ ਸੀ ?

ਜੇਕਰ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖ ਕਹਾਉਣ ਵਾਲੇ ਲੋਕ, ਆਪਣੇ ਅਜੋਕੇ ਸਿੱਖ ਪੰਥ ਦੀ ਤੁਲਨਾ ਅਠਾਰਵੀਂ ਸਦੀ ਵਾਲੇ ਖਾਲਸਾ ਪੰਥ ਨਾਲ ਕਰਨ ਤਾਂ ਉਹ ਇਕ ਹੋਰ ਸਵਾਲ ਦੇ ਰੂ-ਬ-ਰੂ ਹੋਣਗੇ; ਕਿ ਅਠਾਰਵੀਂ ਸਦੀ ਵਿਚ ਸਿੱਖ ਪੰਥ ਨੇ ਅਜਿਹੀਆਂ ਸਖ਼ਤ ਰੁਕਾਵਟਾਂ ਨੂੰ ਪਾਰ ਕਰਕੇ ਇਨਕਲਾਬ ਲਿਆਂਦਾ ਸੀ ਜਿਸ ਦੀਆਂ ਦਸਵਾਂ ਹਿੱਸਾ ਰੁਕਾਵਟਾਂ ਵੀ ਅੱਜ ਪਾਰ ਕਰਨ ਤੋਂ ਅਸਮਰਥ ਹੈ; ਇਸ ਦਾ ਇਕੋ ਇਕ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਮੂਲ ਵਿਚਾਰਧਾਰਾ ਨਾਲੋਂ ਟੁੱਟ ਜਾਣਾ ਹੈ ।ਜੇਕਰ ਅਸੀਂ ਸਿੱਖ ਪੰਥ ਨੂੰ ਜਿਉਂਦਾ-ਜਾਗਦਾ ਵੇਖਣ ਦੇ ਚਾਹਵਾਨ ਹਾਂ ਤਾਂ ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ, ਕਿ ’ਸਿੱਖ ਪੰਥ ਕੇਵਲ ਤੇ ਕੇਵਲ ਉਨ੍ਹਾਂ ਸੰਤ-ਸਿਪਾਹੀਆਂ ਦਾ ਕਾਫਲਾ ਹੀ ਅਖਵਾ ਸਕਦਾ ਹੈ, ਜਿਸ ਵਿਚ ਨਾ ਤਾਂ ਕੋਈ ਜੱਟ-ਮਜਬੀ ਦੀ ਵੰਡੀ ਹੋਵੇਗੀ ਅਤੇ ਨਾ ਹੀ ਅਮੀਰ-ਗਰੀਬ ਦੀ ।

ਤੇ ਇਸ ਲਈ ਕਰਨ ਯੋਗ ਕੰਮ ਇਹ ਹੈ ਕਿ ਆਪਣੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਸਿੱਖ ਅਖਵਾਉਣ ਦਾ ਚਾਹਵਾਨ ਹਰ ਮਨੁੱਖ, ਆਪਣੀਆਂ ਅੱਖਾਂ ਤੋਂ ਅਗਿਆਨਤਾ ਦੀ ਪੱਟੀ ਲਾਹ ਕੇ ਗੁਰੂ ਗ੍ਰੰਥ ਸਾਹਿਬ ਵਿਚਲੀ ਚੇਤਨਾ ਲਈ ਆਪਣੇ ਦਿਮਾਗ ਦੇ ਦਰਵਾਜ਼ੇ ਖੋਲ੍ਹ ਦੇਵੇ।ਇਸ ਪਿੱਛੋਂ ਸਿੱਖ ਪੰਥ ਨੇ ਇਸ ਚੇਤਨਾ ਰਾਹੀਂ ਸਮੁੱਚੀ ਦੁਨੀਆਂ ਤੋਂ ਅਗਿਆਨਤਾ ਦਾ ਹਨ੍ਹੇਰਾ ਮਿਟਾਉਣ ਦੇ ਗੁਰੂ ਨਾਨਕ ਪਾਤਸ਼ਾਹ ਦੇ ਮਿਸ਼ਨ ਨੂੰ ਹੱਥ ਵਿਚ ਲੈਣਾ ਹੈ ।

*ਸ. ਬਲਜੀਤ ਸਿੰਘ ਖਾਲਸਾ*

# ਭੇਖੀ ਪ੍ਰਭੂ ਨ ਲਭਈ . . .

**ਕਾਰਜਾਂ 'ਤੇ ਵੱਧ ਤੋਂ ਵੱਧ ਖਰਚ ਕਰ ਕੇ ਆਪਣੀ ਵਡਿਆਈ ਦੀਆਂ ਡੀਗਾਂ ਮਾਰਦਾ ਹੈ— ਭਾਵੇਂ ਦਿਵਾਲੀਆ ਹੋ ਗਿਆ ਹੋਵੇ ਜਾਂ ਸਾਰੀ ਉਮਰ ਸੂਦ ਥੱਲੇ ਦੱਬਿਆ ਰਹੇ। ਸਾਊ ਮਨੁੱਖ ਦੀ ਕਸਵੱਟੀ ਅੰਦਰਲੀ ਨਿਰਮਲਤਾ ਹੈ। ਬਾਹਰਲੀ ਕੁਲੀਨਤਾ ਵੀ ਜ਼ਰੂਰੀ ਹੈ ਜੇ ਉਹ ਦੰਭ ਦੀ ਪਰਦਰਸ਼ਨੀ ਨਾ ਕਰੇ। ਨਿੱਜੀ ਸ਼ੁਹਰਤ ਮਨੁੱਖੀ ਦੰਭ ਦੀ ਵਿਸ਼ੇਸ਼ ਸੰਚਾਲਕ ਸ਼ਕਤੀ ਹੈ। ਪਦਾਰਥਕ ਬਹੁਲਤਾ ਵੀ ਸ਼ੁਹਰਤ-ਭੁੱਖ ਦੀ ਪੂਰਤੀ ਲਈ ਹੀ ਹੈ। ਭਾਵੇਂ ਸ਼ੁਹਰਤ ਦੀ ਭੁੱਖ ਵਾਲਾ ਢਿੱਡ ਕਈ ਤਰ੍ਹਾਂ ਭਰਨ ਨਾਲ ਭੀ ਅਭਰ ਹੀ ਰਹਿੰਦਾ ਹੈ। ਜਿਹੜਾ ਮਨੁੱਖ ਪਦਾਰਥਕ ਖੇਤਰ ਵਿਚ ਪਿੱਛੇ ਰਹਿ ਕੇ ਅਮੀਰ ਅਖਵਾਉਣ ਦੀ ਪ੍ਰਸੰਸਾ ਨਹੀਂ ਲੈ ਸਕਦਾ ਉਹ ਕਈ ਵੇਰ ਧਰਮ ਦੀ ਆੜ ਲੈ ਕੇ ਇਸ ਘਾਟ ਨੂੰ ਪਰਿਆਂ ਕਰਨ ਦਾ ਉਪਰਾਲਾ ਕਰਦਾ ਹੈ। ਧਰਮ ਦਾ ਸਬੰਧ ਵਧੇਰੇ ਕਰ ਕੇ ਮਨੁੱਖੀ ਭਾਵਾਂ ਨਾਲ ਹੈ। ਦੂਜੇ ਦੇ ਭਾਵਾਂ ਦਾ ਅਯੋਗ ਲਾਭ ਉਠਾਉਣਾ ਲਾਲਸੀ ਲਈ ਵਧੇਰੇ ਸੌਖਾ ਹੋ ਜਾਂਦਾ ਹੈ। ਜਿੰਨੇ ਵਧੇਰੇ ਕੋਮਲ ਜਜ਼ਬੇ ਸੰਪਰਕ ਵਿਚ ਆਉਣ ਓਨੇ ਹੀ ਵਧੇਰੇ ਉਸ ਦੀ ਜੈ-ਜੈ ਕਾਰ ਦਾ ਢੋਲ ਵਜਾਉਣ ਵਾਲੇ ਹੋ ਜਾਂਦੇ ਹਨ। ਭਾਵੇਂ ਇਹ ਅਖਾਣ ਚਿਰ-ਕਾਲ ਬੋਲਿਆ-ਸੁਣਿਆ ਆ ਰਿਹਾ ਹੈ 'ਬਗਲ ਮੇਂ ਛੁਰੀ ਮੂੰਹ ਮੇਂ ਰਾਮ ਰਾਮ ।'**

ਭੇਖ ਉਹ ਹੈ ਜੋ ਵਾਸਤਵ ਜਾਂ ਸੱਚ ਨਹੀਂ ਜਾਂ ਇੰਜ ਕਹਿ ਲਵੋ ਕਿ ਭੇਖੀ ਉਹ ਹੈ ਜੋ ਨਕਲ ਨੂੰ ਅਸਲ ਦੱਸ ਕੇ ਭੁਲੇਖਾ ਪਾਉਣ ਦਾ ਜਤਨ ਕਰਦਾ ਹੈ ਜਾਂ ਜੋ ਅਸਲੀਅਤ ਨੂੰ ਢੱਕ ਕੇ ਭਰਮਾਉਂਦਾ ਹੈ, ਜੋ ਮੁਲੰਮੇ ਵਾਂਗ ਕੁੰਦਨ ਦੀ ਨਕਲ ਕਰਦਾ ਹੈ, ਜੋ ਅਸਲ ਵਿਚ ਖੰਡ ਲਪੇਟੀ ਜ਼ਹਿਰ ਹੁੰਦੀ ਹੈ। ਮਨੁੱਖੀ ਅੱਖਾਂ ਵਧੇਰੇ ਕਰਕੇ ਬਾਹਰ ਨੂੰ ਹੀ ਵੇਖ ਕੇ ਪਸੀਜਦੀਆਂ ਹਨ। ਬਾਹਰਲੇ ਪਰਦਿਆਂ ਥੱਲੇ ਲੁਕੀ ਅੰਦਰਲੀ ਅਸਲੀਅਤ ਨੂੰ ਵੇਖ ਸਕਣ ਦੀ ਸਮਰਥਾ ਹਰ ਅੱਖ ਵਿਚ ਨਹੀਂ ਹੁੰਦੀ। ਪਾਖੰਡੀ, ਮਨੁੱਖ ਦੀ ਇਸ ਕਮਜ਼ੋਰੀ ਨੂੰ ਸਮਝਦਾ ਹੈ ਅਤੇ ਉਸ ਦਾ ਵੱਧ ਤੋਂ ਵੱਧ ਲਾਭ ਉਠਾ ਲੈਂਦਾ ਹੈ। ਅਜਿਹੇ ਅਨੇਕਾਂ ਹੀ ਹਨ ਜਿਨ੍ਹਾਂ ਨੂੰ ਵੇਖਦਿਆਂ ਮਨੁੱਖ ਸ਼ਰਧਾ ਵੱਸ ਹੋ ਜਾਂਦਾ ਹੈ ਅਤੇ ਸਭ ਕੁਝ ਨਿਛਾਵਰ ਕਰਨ ਲਈ ਉਤਾਵਲਾ ਹੋ ਜਾਂਦਾ ਹੈ। ਗੁਰਬਾਣੀ ਵਿਚ ਅਜਿਹੇ ਦੰਭੀਆਂ ਦੀਆਂ ਅਨੇਕਾਂ ਹੀ ਤਸਵੀਰਾਂ ਖਿੱਚੀਆਂ ਹਨ ਜਿਨ੍ਹਾਂ ਦੇ ਬਾਹਰਲੇ ਭੇਖ 'ਤੇ ਜਗਿਆਸੂ ਝੱਟ ਮੋਹਿਆ ਜਾਂਦਾ ਹੈ, ਪਰ ਹੋਸ਼ ਟਿਕਾਣੇ ਓਦੋਂ ਆਉਂਦੀ ਹੈ ਜਦ ਅਚਾਨਕ ਹੀ ਬੁਰਕਾ ਲੱਥਣ 'ਤੇ ਉਹ ਧਰੋਹੀ ਦੇ ਰੂਪ ਵਿਚ ਸਾਕਾਰ ਹੁੰਦਾ ਹੈ। ਗੁਰਬਾਣੀ ਜਗਿਆਸੂ ਨੂੰ ਇਨ੍ਹਾਂ ਪਾਖੰਡਾਂ ਤੋਂ ਇਸ ਤਰ੍ਹਾਂ ਸਾਵਧਾਨ ਕਰਦੀਆਂ ਹਨ:

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥(ਅੰਗ ੪੭੬)

– ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥ ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥ ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥ ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥ (ਅੰਗ ੧੪੦)

ਪਾਖੰਡ ਮਨੁੱਖ ਦੀ ਲਾਲਸਾ ਦੀ ਪਰਦਰਸ਼ਨੀ ਹੈ। ਉਹ ਲਾਲਸਾ ਹੈ:

੧. ਪਦਾਰਥ-ਪ੍ਰਾਪਤੀ ਦੀ।
੨. ਆਪਣੀ ਵਡਿਆਈ ਜਾਂ ਜੈ ਜੈ ਕਾਰ ਦੀ।
੩. ਆਪਣੀ ਕਮਜ਼ੋਰੀ ਜਾਂ ਊਣਤਾ ਨੂੰ ਛੁਪਾਉਣ ਦੀ।

ਪਾਖੰਡ ਦਾ ਪਸਾਰਾ ਭਾਵੇਂ ਹਰ ਸਮੇਂ ਹੀ ਰਿਹਾ ਹੈ, ਪਰ ਅਜੋਕੇ ਸਮੇਂ ਇਸ ਦਾ ਵਿਸ਼ੇਸ਼ ਬੋਲ-ਬਾਲਾ ਹੈ। ਪਦਾਰਥਕ ਬਹੁਲਤਾ ਦੀ ਹਵਸ ਤਾਂ ਮਨੁੱਖ ਵਿਚ ਸਦਾ ਹੀ ਰਹੀ ਹੈ। ਜਦੋਂ ਵੀ ਮਨੁੱਖ ਅੰਦਰ ਮਲਕੀਅਤ ਦੀ ਲਾਲਸਾ ਜਾਗੀ, ਉਸ ਨੇ ਪਰਾਇਆ ਹੱਕ ਖੋਹਣ ਦੀ ਵਿਉਂਤ ਸੋਚੀ। ਪਹਿਲੇ ਪਹਿਲ ਉਸ ਨੇ ਸੀਨਾ-ਜ਼ੋਰੀ ਵਿਖਾਈ, ਪਰ ਜਦ ਸੀਨਾ-ਜ਼ੋਰੀ ਦਾ ਦਾਅ ਨਾ ਚੱਲਿਆ, ਦੂਜੇ ਦੇ ਸਾਹਮਣੇ ਆਪਣੇ ਆਪ ਨੂੰ ਨਿਰਬਲ ਸਮਝਿਆ ਤਾਂ ਉਹਨੇ ਗੁੱਝੇ ਦਾਅ ਖੇਡਣੇ ਅਰੰਭੇ । ਅਜਿਹਾ ਗੁੱਝਾ ਦਾਅ ਪਾਖੰਡ ਹੀ ਹੈ ਜਿਸ ਦੀ ਜਾਦੂ-ਧੂੜ ਨੇ ਕਈਆਂ ਨੂੰ ਭੁਕਾਇਆ।

ਚਤੁਰਤਾ ਦੀ ਜਦੋ-ਜਹਿਦ ਵਿਚ ਵਧੇਰੇ ਚਤੁਰ ਲੋਕ ਅਜੋਕੇ ਜੁਗ ਵਿਚ ਮੋਹਰੀ ਹਨ। ਚਤੁਰਤਾ ਪਾਖੰਡ ਦਾ ਦੂਜਾ ਨਾਂ ਹੈ। ਵਪਾਰ ਖੇਤਰ ਵਿਚ ਇਸ ਚਤੁਰਤਾ ਨੂੰ ਵਿਸ਼ੇਸ਼ ਹਥਿਆਰ ਸਮਝਿਆ ਜਾਂਦਾ ਹੈ। ਉਹ ਵਪਾਰੀ ਹੀ ਕੀ ਹੋਇਆ ਜਿਸ ਨੇ ਸੌ ਗਾਹਕਾਂ ਨੂੰ ਬੁੱਧੂ ਨਹੀਂ ਬਣਾਇਆ। ਇਸ ਚਤੁਰਤਾ ਨੂੰ ਸਭਯ ਨਾਂ ਵਪਾਰ-ਕਲਾ ਦਿੱਤਾ ਜਾਂਦਾ ਹੈ। ਜਿਵੇਂ-ਜਿਵੇਂ ਪਦਾਰਥਕ ਦੌੜ ਤੇਜ਼ੀ ਪਕੜਦੀ ਜਾਂਦੀ ਹੈ ਤਿਵੇਂ-ਤਿਵੇਂ ਪਾਖੰਡ-ਕਲਾ ਵੀ ਪ੍ਰਫੁਲਤ ਹੁੰਦੀ ਜਾਂਦੀ ਹੈ। ਇਸ ਪਦਾਰਥਕ ਦੌੜ ਵਿਚ ਜਿਹੜਾ ਮਨੁੱਖ ਪਿੱਛੇ ਰਹਿ ਜਾਂਦਾ ਹੈ, ਉਸ ਨੂੰ ਅੱਗੇ ਵਧਣ ਲਈ ਪਾਖੰਡ-ਪਹੀਆਂ ਨੂੰ ਹੋਰ ਵੀ ਤੇਜ਼ ਕਰਨਾ ਪੈਂਦਾ ਹੈ। ਵਧੇਰੇ ਪਦਾਰਥਾਂ ਵਾਲੇ ਨੇ ਤਾਂ ਆਪਣੀ ਸ਼ੁਹਰਤ-ਭੁੱਖ ਦੀ ਘਾਟ ਪੂਰੀ ਕਰਨ ਲਈ ਪਰਦਰਸ਼ਨੀ ਕਰਨੀ ਹੀ ਹੋਈ, ਦੌੜ ਵਿਚ ਪਿੱਛੇ ਰਹਿ ਗਿਆ ਮਨੁੱਖ ਆਪਣੀ ਪਹਿਲੀ ਘਾਟ ਨੂੰ ਦੂਜੇ ਵਾਧੇ ਨਾਲ ਪੂਰਿਆਂ ਕਰਨ ਵਿਚ ਸੰਤੁਸ਼ਟਤਾ ਲੱਭਦਾ ਹੈ। ਘਰ ਤਾਂ ਭੰਗ ਭੱਜਣੀ ਹੈ ਪਰ ਉਸ ਦੇ ਪਹਿਰਾਵੇ, ਦੌੜ ਵਿਚ ਮੂਹਰੀ ਜਾ ਰਹੇ ਨੂੰ ਵੀ ਕਈ ਵਾਰੀ ਮਾਤ ਪਾ ਜਾਂਦੇ ਹਨ। ਕਾਰਜਾਂ 'ਤੇ ਵੱਧ ਤੋਂ ਵੱਧ ਖਰਚ ਕਰ ਕੇ ਆਪਣੀ ਵਡਿਆਈ ਦੀਆਂ ਡੀਗਾਂ ਮਾਰਦਾ ਹੈ— ਭਾਵੇਂ ਦਿਵਾਲੀਆ ਹੋ ਗਿਆ ਹੋਵੇ ਜਾਂ ਸਾਰੀ ਉਮਰ ਸੂਦ ਥੱਲੇ ਦੱਬਿਆ ਰਹੇ। ਸਾਊ ਮਨੁੱਖ ਦੀ ਕਸਵੱਟੀ ਅੰਦਰਲੀ ਨਿਰਮਲਤਾ ਹੈ। ਬਾਹਰਲੀ ਕੁਲੀਨਤਾ ਵੀ ਜ਼ਰੂਰੀ ਹੈ ਜੇ ਉਹ ਦੰਭ ਦੀ ਪਰਦਰਸ਼ਨੀ ਨਾ ਕਰੇ।

ਨਿੱਜੀ ਸ਼ੁਹਰਤ ਮਨੁੱਖੀ ਦੰਭ ਦੀ ਵਿਸ਼ੇਸ਼ ਸੰਚਾਲਕ ਸ਼ਕਤੀ ਹੈ। ਪਦਾਰਥਕ ਬਹੁਲਤਾ ਵੀ ਸ਼ੁਹਰਤ-ਭੁੱਖ ਦੀ ਪੂਰਤੀ ਲਈ ਹੀ ਹੈ। ਭਾਵੇਂ ਸ਼ੁਹਰਤ ਦੀ ਭੁੱਖ ਵਾਲਾ ਢਿੱਡ ਕਈ ਤਰ੍ਹਾਂ ਭਰਨ ਨਾਲ ਭੀ ਅਭਰ ਹੀ ਰਹਿੰਦਾ ਹੈ। ਜਿਹੜਾ ਮਨੁੱਖ ਪਦਾਰਥਕ ਖੇਤਰ ਵਿਚ ਪਿੱਛੇ ਰਹਿ ਕੇ ਅਮੀਰ ਅਖਵਾਉਣ ਦੀ ਪ੍ਰਸੰਸਾ ਨਹੀਂ ਲੈ ਸਕਦਾ ਉਹ ਕਈ ਵੇਰ ਧਰਮ ਦੀ ਆੜ ਲੈ ਕੇ ਇਸ ਘਾਟ ਨੂੰ ਪਰਿਆਂ ਕਰਨ ਦਾ ਉਪਰਾਲਾ ਕਰਦਾ ਹੈ। ਧਰਮ ਦਾ ਸਬੰਧ ਵਧੇਰੇ ਕਰ ਕੇ ਮਨੁੱਖੀ ਭਾਵਾਂ ਨਾਲ ਹੈ।

ਦੂਜੇ ਦੇ ਭਾਵਾਂ ਦਾ ਅਯੋਗ ਲਾਭ ਉਠਾਉਣਾ ਲਾਲਸੀ ਲਈ ਵਧੇਰੇ ਸੌਖਾ ਹੋ ਜਾਂਦਾ ਹੈ। ਜਿੰਨੇ ਵਧੇਰੇ ਕੋਮਲ ਜਜ਼ਬੇ ਸੰਪਰਕ ਵਿਚ ਆਉਣ ਓਨੇ ਹੀ ਵਧੇਰੇ ਉਸ ਦੀ ਜੈ-ਜੈ ਕਾਰ ਦਾ ਢੋਲ ਵਜਾਉਣ ਵਾਲੇ ਹੋ ਜਾਂਦੇ ਹਨ। ਭਾਵੇਂ ਇਹ ਅਖਾਣ ਚਿਰ-ਕਾਲ ਬੋਲਿਆ-ਸੁਣਿਆ ਆ ਰਿਹਾ ਹੈ 'ਬਗਲ ਮੇਂ ਛੁਰੀ ਮੂੰਹ ਮੇਂ ਰਾਮ ਰਾਮ ।' ਪਰ ਫੇਰ ਵੀ ਜਗਿਆਸੂ ਕਈ ਵਾਰੀ ਕਿਸੇ ਦੇ ਮੁੰਦੇ ਨੈਣਾਂ ਨੂੰ ਤੇ ਹਿੱਲਦੇ ਬੁੱਲ੍ਹਾਂ ਨੂੰ ਵੇਖ ਕੇ ਪ੍ਰਭਾਵਤ ਹੋ ਜਾਂਦਾ ਹੈ। ਉਸ ਦੀ ਢੱਕੀ ਹੋਈ ਲਾਲਸਾ ਜ਼ਹਿਰ ਵੱਲ ਉਸ ਦੀ ਨੀਝ ਜਾਂਦੀ ਹੀ ਨਹੀਂ। ਕਈ ਵਾਰੀ ਜਾਣਦੇ ਹੋਏ ਵੀ ਕਿ ਅਮਕਾ ਵਿਅਕਤੀ ਧਰੋਹੀ ਹੈ, ਪਰ ਜਦ ਉਸ ਨੂੰ ਧਰਮ ਦਾ ਬੁਰਕਾ ਪਾਇਆ ਵੇਖੀਦਾ ਹੈ ਤਾਂ ਉਸ ਦੇ ਧਰੋਹ ਅੱਖੋਂ ਉਹਲੇ ਹੀ ਕਰ ਦਈ ਦੇ ਹਨ। ਤੋਂ ਜ਼ਰੂਰੀ ਨਹੀਂ ਤੋਤੇ ਵਰਗੀ ਮਿੱਠੀ ਬੋਲੀ ਬੋਲਣ ਵਾਲਾ ਹਰ ਕੋਈ ਸ਼ਹਿਦ ਦਾ ਖਜ਼ਾਨਾ ਹੈ, ਜਾਂ ਝੁਕ ਝੁਕ ਸਲਾਮਾਂ ਕਰਨ ਵਾਲਾ ਨਿਮਰਤਾ ਗੁਣ ਦਾ ਧਾਰਨੀ ਹੈ ਸਗੋਂ ਅਜਿਹੇ ਤਾਂ ਕਈ ਵਾਰੀ ਵਧੇਰੇ ਖਤਰਨਾਕ ਸਿੱਧ ਹੋ ਜਾਂਦੇ ਹਨ, ਮਿੱਠੀ ਜ਼ਹਿਰ ਵਾਂਗ। ਇਸੇ ਕਰਕੇ ਗੁਰੂ ਨਾਨਕ ਜੀ ਸਾਵਧਾਨ ਕਰਦੇ ਹਨ:

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥ (ਅੰਗ ੪੭੦)

ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਤਾਂ ਮਨੁੱਖ ਨੂੰ ਵਿਸ਼ੇਸ਼ ਪਾਖੰਡ ਕਰਨਾ ਪੈਂਦਾ ਹੈ। ਕੋਈ ਘੱਟ ਪੜ੍ਹਿਆ ਦੂਜਿਆਂ ਦੇ ਸਾਹਮਣੇ ਇਸ ਤਰ੍ਹਾਂ ਪਖੰਡ ਕਰੇਗਾ।

ਮੂੰਹ ਬਣਾ ਬਣਾ ਕੇ, ਕੁਝ ਮੋਟੇ ਮੋਟੇ ਯਾਦ ਕੀਤੇ ਸ਼ਬਦਾਂ ਦਾ ਪ੍ਰਯੋਗ ਕਰ ਕੇ ਕਿ ਉਸ ਦੀ ਘਾਟ ਵੱਲ ਕੋਈ ਖ਼ਿਆਲ ਹੀ ਨਾ ਕਰ ਸਕੇ। 'ਥੋਥਾ ਚਨਾ ਬਾਜੇ ਘਨਾ' ਪ੍ਰਸਿੱਧ ਮਿਸਾਲ ਹੈ। ਪਰ ਵਿਦਵਾਨ ਤਾਂ ਕਿਸੇ ਨਿਕਟਵਰਤੀ ਨਾਲ ਆਪਣੀ ਬੋਲੀ ਵਿਚ ਗੱਲਬਾਤ ਕਰ ਕੇ ਅਨੰਦ ਮਾਣਦਾ ਹੈ।

ਧਰਮਾਤਮਾ ਕੋਈ ਵਿਰਲਾ ਜਨ ਹੀ ਬਣ ਸਕਦਾ ਹੈ, ਇਹ ਤਾਂ ਪ੍ਰਾਪਤੀ ਹੈ। ਮਹਾਨ ਘਾਲਨਾ ਦੀ ਸਾਧਨਾ ਦੀ। ਇਹ ਖੇਡ ਹੈ ਰੂਹ ਦੀ, ਇਹ ਰਸ ਹੈ ਅੰਦਰ ਦਾ ਸ਼ਾਂਤ ਤੇ ਨਿਰਾਲਾ ਰਸ। ਜੋ ਅਜਿਹਾ ਕਰ ਨਹੀਂ ਸਕਦਾ ਉਹ ਇਸ ਸ਼੍ਰੇਣੀ ਵਿਚ ਸ਼ਾਮਲ ਹੋਣ ਲਈ ਬਾਹਰਲੇ ਦਿਖਾਵੇ 'ਤੇ ਹੀ ਜ਼ੋਰ ਦੇਂਦਾ ਹੈ।

ਪਾਖੰਡ ਘਾਤਕ ਹੈ ਦੇਸ਼ ਦਾ, ਕੌਮ ਦਾ ਧਰਮ ਤੇ ਮਨੁੱਖ ਦੇ ਆਪਣੇ ਆਪ ਦਾ । ਗੁਰਬਾਣੀ ਕਹਿੰਦੀ ਹੈ ਕਿ ਬਾਹਰਲੇ ਵਿਖਾਵੇ 'ਤੇ ਜ਼ੋਰ ਦੇਂਦੇ ਰਹਿਣ ਵਾਲਾ ਅੰਤਰ-ਆਤਮ ਨਿਵਾਸ ਕਰ ਹੀ ਨਹੀਂ ਸਕਦਾ। ਜਿਹੜਾ ਅੰਦਰਲਾ ਰਸ ਚਖ ਲੈਂਦਾ ਹੈ ਉਸ ਨੂੰ ਬਾਹਰਲਾ ਰਸ ਫਿੱਕਾ ਤੇ ਅਕਾਰਥ ਲੱਗਣ ਲੱਗ ਪੈਂਦਾ ਹੈ। ਪਾਖੰਡ ਦੀ ਕਾਲਖ ਵਿਚ ਸੱਚ ਦਾ ਝਲਕਾਰਾ ਅਨੁਭਵ ਹੋ ਹੀ ਨਹੀਂ ਸਕਦਾ। ਬਾਹਰਲੇ ਦਿਖਾਵੇ ਵਿਚ ਅਰਥਾਤ ਮੂੰਹ 'ਤੇ ਸਵਾਹ ਮਲ ਲੈਣ ਨਾਲ, ਡੰਡਾ ਹੱਥ ਵਿਚ ਫੜ ਲੈਣ ਨਾਲ ਅਤੇ ਚਿਪੀ ਫੜ ਕੇ ਘਰ-ਘਰ ਅਲਖ ਜਗਾਉਂਦੇ ਰਹਿਣ ਨਾਲ ਪ੍ਰਾਪਤੀ ਕਦੀ ਨਹੀਂ ਹੋ ਸਕਦੀ ਸਗੋਂ ਉਹ ਤਾਂ ਉਦਰ ਪਾਲਣ, ਲੋਕਾਂ ਦੀ ਕਮਾਈ ਤੇ ਭੇਖ ਦਾ ਡਾਕਾ ਮਾਰਨਾ ਹੈ। ਜੋਗ ਪਰਗਟਾਵਾ ਨਹੀਂ, ਜੋਗ ਤਾਂ ਆਤਮਾ ਦੀ ਜੁੜਨ-ਅਵਸਥਾ ਹੈ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁੰਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ (ਅੰਗ ੭੩੦)

ਅਸਲ ਮੁੰਦਰਾਂ ਪਹਿਨਣੀਆਂ ਚਾਹੀਦੀਆਂ ਹਨ, ਅਸਲ ਸੁਆਹ ਲਗਾਉਣੀ ਚਾਹੀਦੀ ਹੈ, ਇਸ ਤਰ੍ਹਾਂ ਦੀ, ਜਿਵੇਂ ਜਪੁ ਜੀ ਵਿਚ ਹੈ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

ਤੀਰਥ ਇਸਨਾਨਾਂ ਨਾਲ ਵੀ ਮਨੁੱਖ ਸੁੱਚਾ ਨਹੀਂ ਹੋ ਸਕਦਾ, ਕਿਉਂਕਿ ਇਸ ਨਾਲ ਮਨ ਧੋਤਾ ਨਹੀਂ ਜਾ ਸਕਦਾ ਸਗੋਂ ਦੂਣੀ ਮੈਲ ਹੀ ਕਈ ਵਾਰ ਚੜ੍ਹ ਜਾਂਦੀ ਹੈ। ਗੁਰਬਾਣੀ ਕਹਿੰਦੀ ਹੈ ਜੇ ਇਸ ਤਰ੍ਹਾਂ ਹੀ ਮਨੁੱਖੀ ਪਾਰ ਉਤਾਰਾ ਹੋਣ ਲੱਗੇ ਤਾਂ ਡੱਡੂ ਕਿਉਂ ਨਾ ਤਰ ਗਿਆ ਜੁ ਸਾਰਾ ਸਮਾਂ ਹੀ ਪਾਣੀ ਵਿਚ ਰਹਿੰਦਾ ਹੈ ?

ਜੇ ਮਨੁੱਖ ਬਾਹਰੋਂ ਸਵੱਛ ਨਹੀਂ ਵੀ, ਪਰ ਅੰਦਰ ਮਾਂਜਿਆ ਹੋਇਆ, ਲਿਸੁ ਲਿਸ ਕਰਦਾ ਹੈ, ਸੁੱਚੇ ਵਿਹਾਰ ਨਾਲ, ਤਾਂ ਉਸ ਨੂੰ 'ਗੋਦੜੀ ਦਾ ਲਾਲ' ਕਿਹਾ ਹੈ। ਜਿਹੜਾ ਅੰਦਰੋਂ ਮੈਲਾ ਹੈ ਤੇ ਬਾਹਰੋਂ ਨਿਰਮਲ ਉਹ ਪਾਖੰਡੀ ਹੈ, ਉਹ ਅਜਿਹਾ ਕਰਦਾ ਹੈ ਦੂਜਿਆਂ ਨੂੰ ਧੋਖਾ ਦੇਣ ਲਈ ਭਾਵੇਂ ਵਾਸਤਵ ਵਿਚ ਉਹ ਆਪਣਾ ਜੀਵਨ ਜੁਆਰੀਆਂ ਵਾਂਗ ਹਾਰ ਰਿਹਾ ਹੈ। ਗੁਰੂ ਅਮਰਦਾਸ ਜੀ ਨੇ ਦੋਵੇਂ ਤਰ੍ਹਾਂ ਦੇ ਮਨੁੱਖ ਦਰਸਾ ਕੇ ਫੇਰ ਅਜਿਹੇ ਆਦਰਸ਼ਕ ਮਨੁੱਖ ਦਾ ਜੀਵਨ ਚਿਤਰਿਆ ਹੈ ਜਿਸ ਦਾ ਹਿਰਦਾ ਹੀਰੇ ਵਾਂਗ ਦਗ-ਦਗ ਕਰਦਾ ਹੈ ਅਤੇ ਬਾਹਰੋਂ ਵੀ ਸਾਦਾ ਤੇ ਸਵੱਛ ਹੈ। ਅਜਿਹੇ ਮਨੁੱਖ ਹੀ ਜੀਵਨ ਸਫਲ ਕਰ ਕੇ ਜਾਂਦੇ ਹਨ:

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥
(ਅੰਗ ੯੧੯)

ਪਖੰਡੀ ਮਨੁੱਖ ਦੀ ਦੁਰਦਸ਼ਾ ਸਭ ਤੋਂ ਵੱਧ ਓਦੋਂ ਹੁੰਦੀ ਹੈ, ਜਾਂ ਉਸ ਨੂੰ ਮਾਨਸਿਕ ਸਜ਼ਾ ਉਦੋਂ ਮਿਲਦੀ ਹੈ ਜਦ ਉਸ ਦਾ ਪਾਜ ਉੱਘੜਦਾ ਹੈ। ਜੇ ਉਸ ਨੂੰ ਇਹ ਅਹਿਸਾਸ ਹੋਵੇ ਕਿ ਮੇਰੇ ਕਪਟ ਤਾਂ ਜਾਣੀ-ਜਾਨ ਗੁਰੂ ਹਰ ਸਮੇਂ ਹੀ ਵੇਖ ਰਿਹਾ ਹੈ ਤਾਂ ਉਸ ਦੀ ਉਥੋਂ ਤਕ ਨੌਬਤ ਹੀ ਨਾ ਆਵੇ। ਗੁਰੂ-ਵਾਕ ਸੁਚੇਤ ਕਰਦੇ ਹਨ:

– ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ (ਅੰਗ ੪੮)
– ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥ (ਅੰਗ ੧੦੯੯)

ਦੰਭ ਜਾਂ ਪਾਖੰਡ ਮਾਨਵਤਾ ਦਾ ਦੁਸ਼ਮਣ ਹੈ। ਮਾਨਵਤਾ ਦੀ ਸੁਰੱਖਿਅਤਾ ਲਈ ਅਤੇ ਦੰਭੀ ਨੂੰ ਚਿੰਤਾਤੁਰ ਕਰਨ ਲਈ ਗੁਰੂ ਸਾਹਿਬ ਨੇ ਤਾੜਨਾ ਕੀਤੀ:

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥(ਅੰਗ ੭੪੭)

ਕਪਟੀ ਮਨੁੱਖ ਨੂੰ ਕਪਟ ਕਰਨ ਨਾਲ ਅੰਤ ਉਹੋ ਕੁਝ ਹੀ ਪ੍ਰਾਪਤ ਹੋਵੇਗਾ ਜੋ ਪਾਣੀ ਰਿੜਕਣ ਵਾਲੇ ਨੂੰ:

ਹਿਰਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥
ਕਾਂਇਆ ਮਾਂਜਸਿ ਕਉਨ ਗੁਨਾਂ ॥
ਜਉ ਘਟ ਭੀਤਰਿ ਹੈ ਮਲਨਾਂ ॥ (ਅੰਗ ੬੫੬)

ਕਬੀਰ ਦੇ ਪਰਮਾਣ ਬਹੁਤ ਨਿਸਚੇਦਾਇਕ ਹਨ। ਉਹ ਦੱਸਦੇ ਹਨ ਕਿ ਨੰਗਿਆਂ ਫਿਰਨ ਨਾਲ ਜੋਗ ਕਮਾਇਆ ਜਾਵੇ ਤਾਂ ਸਾਰੇ ਹਿਰਨ ਹੀ ਮੁਕਤ ਹੋ ਜਾਣ, ਇਸ ਤਰ੍ਹਾਂ ਸਿਰ ਮੁੰਡਾਉਣ ਨਾਲ ਤੇ ਬਿੰਦ ਰੱਖਣ ਵਾਲਾ ਵੀ ਪਾਖੰਡੀ ਹੀ ਹੈ ਕਿਉਂਕਿ ਜੇ ਅਜਿਹਾ ਹੀ ਮਾਰਗ ਸਫਲ ਹੋਵੇ ਤਾਂ ਭੇਡਾਂ ਅਤੇ ਖੁਸਰੇ ਪਹਿਲਾਂ ਹੀ ਤਰ ਜਾਣ !

ਪਾਖੰਡ ਵਾਸਤਵ ਵਿਚ ਕਾਇਰਤਾ ਹੈ, ਹੋਛਾਪਨ ਹੈ। ਸੱਚ ਦੇ ਮਾਰਗ 'ਤੇ ਚੱਲਣ ਲਈ ਤਾਂ ਸੱਚੇ ਆਚਾਰ ਦੀ ਲੋੜ ਹੈ। ਪਾਖੰਡ ਇਸ ਦੇ ਪੰਧਾਊ ਦੇ ਪੈਰਾਂ ਵਿਚ ਬੇੜੀਆਂ ਹਨ। ਗੁਰੂ ਦੀ ਸ਼ਰਨ ਪਿਆਂ ਹੀ ਇਹ ਬੇੜੀਆਂ ਕੱਟੀਆਂ ਜਾਂਦੀਆਂ ਹਨ ਤੇ ਮਨੁੱਖ ਦੀ ਬੰਦ-ਖਲਾਸੀ ਹੋ ਜਾਂਦੀ ਹੈ।

***ਡਾ. ਦਲੀਪ ਸਿੰਘ 'ਦੀਪ'***

## ਬੇਬਾਕ, ਦਾਨਸ਼ਵਰ ਅਤੇ ਜਾਦੂਮਈ ਬੁਲਾਰੇ : ਗਿਆਨੀ ਸੰਤ ਸਿੰਘ ਜੀ ਮਸਕੀਨ

ਸੰਸਾਰ-ਪ੍ਰਸਿੱਧ ਦਾਰਸ਼ਨਿਕ ਅਤੇ ਉੱਚ-ਧਾਰਮਿਕ ਸ਼ਖ਼ਸੀਅਤ, ਗਿਆਨੀ ਸੰਤ ਸਿੰਘ ਜੀ ਮਸਕੀਨ ਕਹਿਣੀ, ਕਥਨੀ ਦੇ ਸੂਰੇ, ਬਹੁਗੁਣੀ, ਬਹੁਪੱਖੀ, ਨਿਰਵੈਰ, ਗਹਿਰ-ਗੰਭੀਰ, ਬੇਬਾਕ ਦਾਨਸ਼ਵਰ ਅਤੇ ਜਾਦੂਮਈ ਬੁਲਾਰੇ, ਜੋ ਸਰੀਰ ਕਰਕੇ ਸਾਡੇ ਸਭਨਾਂ ਤੋਂ ਸਦਾ ਲਈ ਜੁਦਾ ਹੋ ਗਏ ਹਨ, ਪਰ ਉਨ੍ਹਾਂ ਦੀਆਂ ਨਸੀਹਤਾਂ ਅਤੇ ਅਨਮੋਲ ਬਚਨ ਧਾਰਮਿਕ ਆਸਥਾ ਰੱਖਣ ਵਾਲੇ ਹਰ ਵਿਅਕਤੀ ਦੇ ਹਿਰਦੇ ਉੱਤੇ ਉੱਕਰੇ ਹੋਏ ਨੇ। ਆਪ ਜੀ ਪੰਥ-ਪ੍ਰਵਾਨਿਤ ਸ਼ਖ਼ਸੀਅਤਾਂ 'ਚੋਂ ਵਿਲੱਖਣ ਤਾਂ ਸਨ ਹੀ, ਸਗੋਂ ਬਾਕੀ ਦੇ ਧਰਮਾਂ 'ਚੋਂ ਵੀ ਉਨ੍ਹਾਂ ਨੂੰ ਬੇਹੱਦ ਮਾਣ ਤੇ ਸਤਿਕਾਰ ਪ੍ਰਾਪਤ ਸੀ। ਉਨ੍ਹਾਂ ਦੇ ਬੋਲਾਂ 'ਚ ਅਜੀਬ ਜਿਹੀ ਗ਼ੈਬੀ ਖਿੱਚ ਸੀ, ਜੋ ਅਨਪੜ੍ਹ ਅਤੇ ਸਾਦ-ਮੁਰਾਦੇ ਵਿਅਕਤੀਆਂ ਤੋਂ ਲੈ ਕੇ ਆਲਮ ਫ਼ਾਜ਼ਲ, ਪੜ੍ਹੇ-ਲਿਖੇ ਲੋਕਾਂ ਨੂੰ ਵੀ ਕੀਲ ਲੈਂਦੀ ਸੀ । ਆਪ ਜੀ ਅਤਿ ਦਾ ਸਾਦਾ ਜੀਵਨ ਬਤੀਤ ਕਰਦੇ ਸਨ ਅਤੇ ਬਹੁਤ ਹੀ ਸਬਰ-ਸੰਤੋਖ ਤੇ ਸੰਜਮੀ ਜੀਵਨ ਜਿਉਂਦੇ ਸਨ। ਆਪ ਬਹੁਤ ਹੀ ਪ੍ਰਹੇਜ਼ੀ ਤੇ ਅਲਪ-ਆਹਾਰੀ ਵੀ ਸਨ। ਉਨ੍ਹਾਂ ਦੇ ਸਾਦਗੀ ਦੇ ਸੁਹੱਪਣ ਨੂੰ ਹਰ ਵਿਅਕਤੀ ਵੀ ਕਬੂਲਦਾ ਸੀ । ਘੰਟਿਆਂ ਬੱਧੀ, ਲੱਖਾਂ ਤੇ ਹਜ਼ਾਰਾਂ ਦੀ ਗਿਣਤੀ 'ਚ ਵਿਚਾਰਾਂ ਕਰਦੇ, ਪਰ ਕੀ ਮਜ਼ਾਲ ਕਿ ਇਕ ਵਾਰ ਵੀ ਸਰੀਰ ਪਾਸਾ ਵੱਟ ਜਾਵੇ, ਤਮਾਮ ਹੀ ਸੰਗਤਾਂ ਮਦਮਸਤ ਹੋ, ਗਹੁ ਨਾਲ ਵੀਚਾਰਾਂ ਨੂੰ ਸੁਣਦਿਆਂ ਗਦ-ਗਦ ਹੋ ਉਠਦੀਆਂ। ਸਿੱਖ ਪੰਥ ਦੀ ਸਿਰਮੌਰ ਜਥੇਬੰਦੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਤਮਾਮ ਅਧਿਕਾਰੀ, ਪ੍ਰਬੰਧਕ, ਉੱਚ ਧਾਰਮਿਕ ਸ਼ਖ਼ਸੀਅਤਾਂ, ਸਮੁੱਚਾ ਸਟਾਫ਼, ਸਮੂਹ ਕੀਰਤਨੀਏ ਤੇ ਪ੍ਰਚਾਰਕ ਸਾਹਿਬਾਨ, ਸਭ ਉਨ੍ਹਾਂ ਦੇ ਮੁਤਲਾਸ਼ੀ ਸਨ। ਸਮੁੱਚਾ ਪੰਥ ਆਪ ਜੀ ਦਾ ਸਤਿਕਾਰ ਕਰਦਾ ਸੀ। ਸਿਆਸੀ ਕੱਦਾਵਰ ਲੀਡਰ ਅਤੇ ਸਮੁੱਚੀ ਅਫ਼ਸਰਸ਼ਾਹੀ ਵੀ ਆਪ ਜੀ ਦੇ ਗੁਣੀ ਤੇ ਅਮਲੀ ਜੀਵਨ ਤੋਂ ਪ੍ਰਭਾਵਿਤ ਸੀ। ਆਪ ਜੀ ਇਕ ਅੱਡਰੀ ਹੀ ਕਿਸਮ ਦੇ ਧਰਮ-ਨਿਰਪੱਖਤਾ ਅਤੇ ਸਰਬ-ਸਾਂਝੀਵਾਲਤਾ ਦੇ ਮੁੱਦਈ ਸਨ। ਉਨ੍ਹਾਂ ਦੀ ਇਕ ਖ਼ਾਸ ਗੱਲ ਇਹ ਸੀ ਕਿ ਬਿਨਾਂ ਕਿਸੇ ਨਸਲੀ ਵਿਤਕਰੇ ਦੇ, ਧਰਮ, ਜਾਤ-ਪਾਤ, ਊਚ-ਨੀਚ ਤੇ ਦੂਈ-ਦਵੈਸ਼ ਤੋਂ ਉਚੇਰੇ ਸਨ ਤੇ ਹਰ ਇਨਸਾਨ ਨੂੰ ਬਰਾਬਰਤਾ ਦੀ ਨਿਗਾਹ ਨਾਲ ਤੱਕਦੇ ਸਨ। ਆਪ ਪੰਥਕ-ਕਾਰਜਾਂ 'ਚ ਵੱਧ ਤੋਂ ਵੱਧ ਯੋਗਦਾਨ ਪਾਉਂਦੇ ਤੇ ਕਦੀ ਵੀ ਕਿਸੇ ਉੱਚ ਅਹੁਦੇ ਦੀ ਲਾਲਸਾ ਨਾ ਰੱਖਦੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ 'ਤੇ ਤੁਰਦਿਆਂ ਆਪਣੀ ਜ਼ਿੰਦਗੀ 'ਚ ਉਨ੍ਹਾਂ ਨੇ ਸਮੁੱਚੇ ਸੰਸਾਰ ਦੀ ਯਾਤਰਾ ਕੀਤੀ। ਆਪ ਜੀ ਇਤਨੇ ਅਣਥੱਕ ਤੇ ਲਗਨ ਵਾਲੇ ਪ੍ਰਚਾਰਕ ਸਨ ਕਿ ਸੰਸਾਰ ਦੇ ਕੋਨੇ-ਕੋਨੇ 'ਚ ਗੁਰੂ ਦੀ ਗੱਲ ਪਹੁੰਚਾਉਣ ਖ਼ਾਤਰ ਗਏ। ਆਪ ਜੀ ਦੇ ਰਿਹਾਇਸ਼ੀ ਨਗਰ, ਅਲਵਰ (ਰਾਜਸਥਾਨ) ਵਿਖੇ ਕਈ ਦਹਾਕਿਆਂ ਤੋਂ ਮਾਰਚ ਦੇ ਪਹਿਲੇ ਹਫ਼ਤੇ ਜੋ ਚਾਰ-ਰੋਜ਼ਾ ਸਮਾਗਮ ਹੁੰਦਾ ਹੈ, ਉਸ ਦੀ ਛੱਬ ਨਿਵੇਕਲੀ ਤੇ ਨਿਰਾਲੀ ਹੈ। ਅਕਸਰ ਮੈਨੂੰ ਬਹੁਤ ਸਾਰੇ ਸਮਾਗਮਾਂ 'ਚ ਹਾਜ਼ਰੀ ਭਰਨੀ ਨਸੀਬ ਹੋਈ ਹੈ। ਇਸ ਮਹਾਨ ਗੁਰਮਤਿ ਸਮਾਗਮ ਵਿਚ ਲੱਖਾਂ ਦੀ ਗਿਣਤੀ 'ਚ ਦੂਰ-ਦੁਰਾਡਿਓਂ ਦੇਸ਼ਾਂ-ਦੇਸ਼ਾਂਤਰਾਂ ਤੋਂ ਸੰਗਤਾਂ ਤਾਂ ਪੁੱਜਦੀਆਂ ਹੀ ਸਨ, ਨਾਲ ਹੀ ਵੱਡੀ ਗਿਣਤੀ 'ਚ ਪ੍ਰਚਾਰਕ ਤੇ ਕੀਰਤਨੀ ਰਾਗੀ ਜਥੇ, ਮਸਕੀਨ ਸਾਹਿਬ ਜੀ ਦੇ ਪਿਆਰ ਦੀ ਬਦੌਲਤ ਇਕੱਤਰ ਹੁੰਦੇ ਸਨ। ਆਪ ਜੀ ਸਿੱਖ ਸੰਗਤਾਂ ਤੇ ਹਰ ਕੀਰਤਨੀਏ ਤੇ ਪ੍ਰਚਾਰਕ ਦਾ ਪੂਰਾ-ਪੂਰਾ ਧਿਆਨ ਰੱਖਦੇ। ਲੰਗਰ-ਪਾਣੀ ਤੇ ਰਿਹਾਇਸ਼ ਦਾ ਪੂਰਾ ਪ੍ਰਬੰਧ ਕਰਦੇ। ਹਰ ਇਕ ਦਾ ਮਾਣ-ਸਤਿਕਾਰ ਕਰਦੇ ਅਤੇ ਹਰ ਇਕ ਨੂੰ ਬਣਦਾ ਸਮਾਂ ਦੇ ਕੇ ਹਾਜ਼ਰੀ ਭਰਵਾਉਂਦੇ। ਜਿਤਨੇ ਦਿਨ ਵੀ ਸਮਾਗਮ ਚੱਲਦਾ, ਆਪ ਜੀ ਸਭਨਾਂ ਦੀ ਹੌਸਲਾ-ਅਫ਼ਜ਼ਾਈ ਕਰਦੇ। ਆਪ ਜੀ ਜਿਥੇ ਗੁਰਮਤਿ ਦੇ ਖੋਜੀ ਤੇ ਸਿਰਮੌਰ ਵਿਦਵਾਨ ਸਨ, ਉਥੇ ਨਾਲ-ਨਾਲ ਰਾਗ, ਤਾਲ ਤੇ ਸੰਗੀਤ ਦੀ ਉਨ੍ਹਾਂ ਨੂੰ ਭਲੀ ਸੋਝੀ ਸੀ। ਵੱਡੇ-ਵੱਡੇ ਤਾਲਾਂ ਅਤੇ ਰਾਗਾਂ 'ਚ ਧਰੁਪਦਾਂ, ਧਮਾਰਾਂ ਤੇ ਪੜਤਾਲਾਂ 'ਚ ਕੀਰਤਨ ਸੁਣਨਾ ਉਨ੍ਹਾਂ ਦਾ ਸ਼ੌਕ ਸੀ। ਕੋਈ ਵੀ ਗੁਣੀ ਰਾਗੀ ਜਥਾ, ਜਦੋਂ ਔਖੇ ਤਾਲਾਂ, ਰਾਗਾਂ ਤੇ ਸੁਰ 'ਚ ਕੀਰਤਨ ਗਾਇਣ ਕਰਦਾ ਤਾਂ ਆਪ ਜੀ ਵਾਹ-ਵਾਹ ਕਰ ਉੱਠਦੇ ਤੇ ਖੀਵੇ ਹੋ ਜਾਂਦੇ । ਸੱਚਮੁੱਚ ਕੀਰਤਨੀਆਂ ਤੇ ਪ੍ਰਚਾਰਕਾਂ ਪਾਸੋਂ ਇਕ ਪਾਰਖੂ, ਪਿਤਾਮਾ ਖੁੱਸ ਗਿਆ ਹੈ। ਐਸੀ ਪਾਰਖੂ ਤੇ ਹਮਦਰਦ, ਪਰਉਪਕਾਰੀ ਸ਼ਖ਼ਸੀਅਤ ਪਤਾ ਨਹੀਂ ਪ੍ਰਚਾਰਕਾਂ ਨੂੰ ਫਿਰ ਕਦੋਂ ਨਸੀਬ ਹੋਵੇਗੀ! ਮੈਨੂੰ ਯਾਦ ਹੈ, ਮੈਂ ਜਿਤਨੀ ਦਫ਼ਾ ਵੀ ਆਪਣੇ ਰਾਗੀ ਜਥੇ ਸਮੇਤ ਸਮਾਗਮਾਂ 'ਚ ਗਿਆ ਹਾਂ ਤਾਂ ਮਸਕੀਨ ਜੀ ਹੋਰਾਂ ਉਚੇਚਾ ਹੁਕਮ ਕਰਨਾ ਕਿ ਭਾਈ ਨਿਰਮਲ ਸਿੰਘ ਜੀ! ਇਕ ਦਿਨ ਤੁਸਾਂ ਵੀ ਅੰਮ੍ਰਿਤ ਵੇਲੇ ਸੰਪੂਰਨ ਆਸਾ ਜੀ ਕੀ ਵਾਰ ਲਗਾਉਣੀ ਹੈ ਅਤੇ ਉਹ ਵੀ ਸਵੇਰ ਵੇਲੇ ਦੇ ਵਕਤੀ ਰਾਗਾਂ ਅਨੁਸਾਰ । ਆਪ ਜੀ ਸੁਰ ਦੇ ਇਤਨੇ ਕਾਇਲ ਸਨ ਕਿ ਕਿਧਰੇ ਕੋਈ ਤੁਰਦਾ-ਫਿਰਦਾ ਜਾਂ ਟਰੇਨ (ਰੇਲ ਗੱਡੀ) 'ਚ ਵੀ ਚੰਗਾ ਗਾਇਣ ਕਰ ਰਿਹਾ ਹੋਵੇ, ਤਾਂ ਉਸ ਨੂੰ ਵੀ ਸਮਾਗਮ ਵਿਚ ਆਉਣ ਲਈ ਆਖ ਛੱਡਦੇ ਸਨ । ਕਈ ਵਾਰ ਮੈਨੂੰ ਉਨ੍ਹਾਂ ਦੇ ਕਾਫ਼ਲੇ ਨਾਲ ਜਾਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਉਹ ਹਰ ਇਕ ਦਾ ਖ਼ਾਸ ਧਿਆਨ ਰੱਖਦੇ ਅਤੇ ਵਕਤੀ ਪ੍ਰਬੰਧਕਾਂ ਨੂੰ ਇਸ ਉੱਪਰ ਪਹਿਰਾ ਦੇਣ ਲਈ ਪੁਰਜ਼ੋਰ ਬੇਨਤੀ ਕਰਦੇ। ਹਰ ਸਾਲ ਗੁਰੂ ਰਾਮਦਾਸ ਜੀ ਪਾਤਸ਼ਾਹ ਦੇ ਗੁਰਪੁਰਬ ਤੋਂ ਲੈ ਕੇ ਦੀਵਾਲੀ ਤੱਕ, ਆਪ ਜੀ ਅੰਮ੍ਰਿਤਸਰ ਹੀ ਠਹਿਰਦੇ ਅਤੇ ਰੋਜ਼ਾਨਾ ਸਵੇਰੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ, ਕਥਾ ਕਰਦਿਆਂ, ਗੁਰਮਤਿ ਵੀਚਾਰਾਂ ਦੀਆਂ ਝੜੀਆਂ ਲਾ ਛੱਡਦੇ। ਸੰਗਤ ਦਾ ਇਕੱਠ ਇਤਨਾ ਹੁੰਦਾ ਕਿ ਮੰਜੀ ਸਾਹਿਬ ਜੀ ਦੇ ਦੀਵਾਨ ਹਾਲ ਤੋਂ ਇਲਾਵਾ, ਬਾਹਰ ਸੜਕ ਤੱਕ ਵੀ ਸੰਗਤਾਂ ਅਡੋਲ ਚੌਕੜੇ ਮਾਰ ਕੇ, ਉਨ੍ਹਾਂ ਦੇ ਵੀਚਾਰਾਂ 'ਚ ਮਗਨ ਹੋ ਜਾਂਦੀਆਂ। ਆਪ ਜੀ ਦੀ ਗਮਕੀ ਆਵਾਜ਼, ਤੁਲੱਫ਼ਜ਼, ਅਲਫ਼ਾਜ਼ ਤੇ ਅੰਦਾਜ਼ੇ-ਬਿਆਂ ਬਾ-ਕਮਾਲ ਸੀ । ਪੰਜਾਬੀ ਤੋਂ ਇਲਾਵਾ ਉਰਦੂ, ਹਿੰਦੀ, ਸਿੰਧੀ ਅਤੇ ਪਰਸ਼ੀਅਨ (ਫ਼ਾਰਸੀ) ਉੱਤੇ ਵੀ ਆਪ ਦੀ ਬਹੁਤ ਹੀ ਮੁਹਾਰਤ ਤੇ ਮਜ਼ਬੂਤ ਪਕੜ ਸੀ । ਉਨ੍ਹਾਂ ਨੂੰ ਸੰਸਾਰ ਭਰ ਦੇ ਧਰਮਾਂ ਬਾਰੇ ਡਾਢਾ ਗਿਆਨ ਤੇ ਭਰਪੂਰ ਜਾਣਕਾਰੀ ਸੀ ਅਤੇ ਕਿਸੇ ਵੀ ਵਿਸ਼ੇ ਨੂੰ ਛੂਹਣਾ ਉਨ੍ਹਾਂ ਲਈ ਆਮ ਸੀ। ਉਹ ਤਮਾਮ ਹੀ ਵਿਸ਼ਿਆਂ 'ਤੇ ਸਟੇਜਾਂ ਉੱਪਰ ਅਕਸਰ ਭਾਵਪੂਰਤ ਢੰਗ ਨਾਲ ਜ਼ਿਕਰ ਕਰਦਿਆਂ, ਸੰਗਤਾਂ ਦੇ ਹਿਰਦਿਆਂ 'ਚ ਉਤਰ ਜਾਂਦੇ ਸਨ। ਉਨ੍ਹਾਂ ਦੇ ਅਨਮੋਲ ਵੀਚਾਰਾਂ ਨੂੰ ਸੁਣਨ ਵਾਲਿਆਂ 'ਚ ਸਿੱਖ ਸੰਗਤਾਂ ਤੋਂ ਇਲਾਵਾ ਹਿੰਦੂ ਤੇ ਇਸਲਾਮੀ ਸ਼ਰਧਾਲੂ ਵੀ ਕਾਫ਼ੀ ਵੱਡੀ ਗਿਣਤੀ 'ਚ ਹੁੰਦੇ ਸਨ। ਆਪ ਜੀ ਕਿਸੇ ਵੀ ਧਰਮ ਬਾਰੇ ਅਪਮਾਨ-ਜਨਕ ਟਿੱਪਣੀ ਨਹੀਂ ਕਰਦੇ ਸਨ, ਪਰੰਤੂ ਸੱਚੀ ਗੱਲ ਨੂੰ ਮੂੰਹ ਉੱਤੇ ਅਤੇ ਸਟੇਜ ਉੱਪਰ ਹੀ ਆਖ ਦੇਣਾ ਉਨ੍ਹਾਂ ਦੀ ਬੇਬਾਕੀ ਤੇ ਵਿਸ਼ੇਸ਼ਤਾ ਸੀ, ਜਿਵੇਂ ਕਿ ਪ੍ਰਬੰਧਕ ਸਾਹਿਬਾਨਾਂ ਤੇ ਪ੍ਰਚਾਰਕਾਂ ਨੂੰ ਜੋ ਵੀ ਕਹਿਣਾ ਹੋਵੇ, ਸੰਗਤਾਂ ਦੇ ਇਕੱਠ ਵਿਚ ਹੀ ਆਖ ਦਿਆ ਕਰਦੇ ਸਨ। ਅਜਿਹੇ ਹੀ ਵੀਚਾਰਾਂ ਦੀ ਤਰਜਮਾਨੀ ਕਰਦਿਆਂ ਉਨ੍ਹਾਂ ਇਕ ਕਿਤਾਬ ਵੀ ਲਿਖੀ ਹੈ। 1984 ਦੇ ਸਿੱਖ-ਦੰਗਿਆਂ ਸਮੇਂ ਸਰਕਾਰੀ ਕਤਲੇਆਮ ਦੇ ਸੰਬੰਧ 'ਚ ਆਪ ਜੀ ਭਲਾ ਕਿਵੇਂ ਚੁੱਪ ਰਹਿ ਸਕਦੇ ਸਨ ? ਆਪਣੇ ਜਜ਼ਬਾਤਾਂ ਦਾ ਸ਼ਰ੍ਹੇਆਮ ਪ੍ਰਗਟਾਵਾ ਕਰਨ 'ਤੇ ਜ਼ੁਲਮੀ ਸਰਕਾਰ ਦਾ ਤਾਨਾਸ਼ਾਹੀ ਕੁਹਾੜਾ ਉਨ੍ਹਾਂ 'ਤੇ ਵੀ ਚੱਲਿਆ ਤੇ ਇੰਜ ਕਰਕੇ ਆਪ ਜੀ ਨੂੰ ਫ਼ਿਰਕਾਪ੍ਰਸਤ ਦੀ ਸਿਤਮ-ਜ਼ਰੀਫ਼ੀ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ, ਪਰ ਆਪ ਜੀ ਨੂੰ ਸੱਚ ਦੇ ਮਾਰਗ ਤੋਂ ਕੋਈ ਵੀ ਨਾ ਥਿੜਕਾਅ ਸਕਿਆ। ਸ਼ਾਇਦ ਅੱਜ ਇਹ ਹੀ ਵਜ੍ਹਾ ਹੈ ਕਿ ਈ.ਟੀ.ਸੀ. ਚੈਨਲ ਤੋਂ ਇਲਾਵਾ ਕਿਸੇ ਹੋਰ ਨੈਸ਼ਨਲ ਚੈਨਲ ਨੇ ਇਸ ਸ਼ਾਂਤੀ ਦੇ ਦੂਤ ਅਤੇ ਇਤਨੀ ਵੱਡੀ ਕੱਦਾਵਰ ਧਾਰਮਿਕ ਹਸਤੀ ਦਾ, ਚੱਜ ਨਾਲ ਜ਼ਿਕਰ ਤੱਕ ਨਾ ਕੀਤਾ, ਜਦੋਂ ਕਿ ਮਸਕੀਨ ਜੀ ਜੈਸੀ ਰੂਹ ਤੇ ਸ਼ਾਂਤੀ ਦੇ ਮਸੀਹੇ ਲਈ ਨੋਬਲ ਪੁਰਸਕਾਰ ਵੀ ਛੋਟਾ ਸੀ। ('ਨੇੜਿਓਂ ਦੇਖੇ ਗੁਰਮਤਿ ਵਿਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ' ਕ੍ਰਿਤ ਗਿ. ਗੁਰਵਿੰਦਰ ਸਿੰਘ ਕੋਮਲ ਵਿਚੋਂ)

**ਭਾਈ ਨਿਰਮਲ ਸਿੰਘ 'ਖ਼ਾਲਸਾ' (ਗੁਰਪੁਰਵਾਸੀ)**

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

### ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

### ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar